ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

---

ਘਰ ਸੁਧਾਰ ਸੰਬੰਧੀ

# ਨਿਨਾਣ ਭਰਜਾਈ

ਦੀ

## ਸਿਖਯਾਦਾਇਕ ਵਾਰਤਾਲਾਪ

---

**ਭਰਜਾਈ-**

ਮੇਰੇ ਨਾਲ ਹੈ ਮਾਪਿਆਂ ਵੈਰ ਕੀਤਾ,
ਜੋੜ ਦਿੱਤਾ ਹੈ ਨਾਲ ਗੁਮਾਨੀਏ ਦੇ।
ਜਿਦ੍ਹੀ ਮਾਨ ਦੀ ਧੌਣ ਨਾ ਹੋਈ ਨੀਵੀਂ,
ਖਿੱਚੀ ਰਹੇ ਹੈ ਵਾਂਙ ਕਮਾਨੀਏ ਦੇ।
ਕਰਦਾ ਦਰਦ ਦੀ ਗਲ ਨਾ ਕਦੀ ਆਕੇ,
ਰਹੇ ਆਕੜਿਆ ਵਾਂਙ ਕਰਾਨੀਏ ਦੇ।
ਲੱਕੋਂ ਕਿਰਨ ਵਿਠੂਹੇਂ ਹੀ ਨਿੱਤ ਉਸਦੇ,
ਕੌਣ ਭੇਤ ਪਾਵੇ ਮਾਨ ਮਾਨੀਏ ਦੇ ।੧।

**ਨਿਨਾਣ-**

ਐਸੇ ਬੋਲ ਨਾ ਭਾਬੀਏ ਬੋਲ ਮੂੰਹੋਂ,
ਕੁਲਵੰਤੀਆਂ ਨੂੰ ਇਹ ਨਾ ਸੋਭਦਾ ਨੀ।
ਮੇਰਾ ਵੀਰ ਨਾ ਗਰਬਿ ਗੁਮਾਨੀਆ ਹੈ,
ਕਿਉਂ ਤੂੰ ਵਾਕ ਆਖੇਂ ਭਾਬੀ ! ਖੋਭਦੇ ਨੀ ?

ਤੇਰੇ ਨਾਲ ਉਹ ਵਰਤਦਾ ਦਇਆ ਵਰਤਣ,
ਕਦੀ ਵਾਕ ਨਾ ਬੋਲਦਾ ਚੋਭ ਦੇ ਨੀ !
ਲੋਕੀਂ ਆਪਣੇ ਐਬ ਨਾ ਵੇਖਦੇ ਨੇ,
ਸੁੱਕੇ ਥਲੀਂ ਹੀ ਬੇੜੀਆਂ ਡੋਬਦੇ ਨੀ !੨।

**ਭਾਬੀ-**

ਰਈ ਕਰੇਂ ਤੂੰ ਵੀਰ ਦੀ ਭੈਣ ਚੰਗੀ,
ਟਿੱਕੇ ਲਾਇ ਰੁਪੱਯੜੇ ਮੁੱਛਣੇ ਨੀ !
ਦਏਂ ਦੋਸ਼ ਤੂੰ ਮੁਝ ਨਿਮਾਨੜੀ ਨੂੰ,
ਬਿਨਾਂ ਲੜੇ ਮੱਛਰ ਪਿੰਡਾ ਉੱਛਣੇ ਨੀ।
ਹੋਵੇਂ ਭਾਬੀ ਤੇ ਮੈਂ ਨਿਨਾਣ ਹੋਵਾਂ,
ਪੁੱਛਾਂ ਤੁੱਧ ਨੂੰ ਤਦੋਂ ਮੈਂ ਪੁੱਛਣੇ ਨੀ।
ਸਦਾ ਵੈਰ ਨਿਨਾਣ ਦਾ ਭਾਬੀਆਂ ਨੂੰ.
ਰਿਹਾ ਲਾਉਂਦਾ ਅਗਨਿ ਦੇ ਲੁੱਛਣੇ ਨੀ। ੩।

**ਨਿਨਾਣ-**

ਭੈਣੋਂ ਵੱਧ ਪਿਆਰੀਏ ਭਾਬੀਏ ਨੀ।
ਤੇਰੇ ਨਾਲ ਨਹੀਓਂ ਮੈਨੂੰ ਵੈਰ ਰਾਈ।
ਕਰ ਨਾ ਕੋਪ ਬਿਦੋਸ਼ਨ ਤੇ ਰਤੀ ਭੈਣੇਂ।
ਮੈਨੂੰ ਮਿਹਰ ਦਾ ਨਿੱਤ ਹੀ ਖੈਰ ਪਾਈਂ।
ਭਾਈ ਭਾਬੀਆਂ ਸਦਾ ਹੀ ਸੁਖੀ ਵੱਸਣ,
ਨਜ਼ਰ ਕਦੀ ਨਾ ਨਣਦ ਤੇ ਕੈਰ ਪਾਈਂ।
ਦੋਵੇਂ ਬ੍ਰਿੱਛ ਤੇ ਵੇਲ ਜਿਉਂ ਮਿਲ ਵੱਸੋ,
ਤਦੋਂ ਨਣਦ ਵਧਾਈ ਦਾ ਪੈਰ ਪਾਈ। ੪।
ਮੈਂ ਨਾ ਝਿੜਕਦੀ, ਦਿਆਂ ਉਲਾਂਭੜੇ ਨਾ,
ਤੈਨੂੰ ਮੱਤ ਦੇਵਾਂ ਸੁਖੀ ਵੱਸਣੇ ਦੀ।
ਡੌਲ ਕੰਤ ਰਿਝਾਉਣ ਦੀ ਤੁੱਧ ਦੱਸਾਂ,
ਤੇਰੀ ਚਿੰਤ ਨੂੰ ਮੂਲ ਛੋਂ ਖੱਸਣੇ ਦੀ।
ਵਾਦੀ ਝੂਠ ਦੀ ਛੱਡ ਦੇ ਬਾਣ ਮਾੜੀ,
ਸੱਚ ਪਤੀ ਪੈ ਬੋਲਣੋਂ ਨੱਸਣੇ ਦੀ।
'ਝੂਠ' 'ਮਾਨ' ਏ ਬੁਧਿ ਨੂੰ ਮਾਰਦੇ ਨੀ,

ਦੋਵੇਂ ਫਾਹੀਆਂ ਨੀ ਢੁੱਖਾਂ 'ਚ ਫੱਸਣੇ ਦੀ । ੫ ।

**ਭਾਬੀ-**

ਕਦੋਂ ਝੂਠ ਮੈਂ ਬੋਲਦੀ ਦੱਸ ਖਾਂ ਨੀ ।
ਐਵੇਂ ਊਜ ਲਾਵੇਂ ਕੌਤਕ-ਹਾਰੀਏ ਨੀ,
ਤੇਰਾ ਵੀਰ ਹੈ ਗੁੱਛੜਾ ਫੇਣੀਆਂ ਦਾ,
ਕਰੇ ਕਹਿਰ ਤਾਂ ਝੂਠ ਉਸਾਰੀਏ ਨੀ ।
ਜੇਕਰ ਜਦੋਂ ਉਹ ਆਪੇ ਤੋਂ ਬਾਹਰ ਹੋਵੇ,
ਸੱਚ ਬੋਲੀਏ ਜਾਨ ਤੋਂ ਮਾਰੀਏ ਨੀ ।
ਗੁੱਸੇ ਟਾਲਣੇ ਨੂੰ ਝੂਠ ਦੱਸ ਨਾਹੀਂ.
ਦੁੱਧ ਤਪੇ ਤਾਂ ਫੂਕਾਂ ਹੀ ਮਾਰਏ ਨੀ । ੬ ।

**ਨਿਨਾਣ-**

ਝੂਠ ਕਦੀ ਨਾ ਸੱਚ ਹੋ ਜਾਂਵਦਾ ਹੈ,
ਪਿੱਤਲ ਮੁੱਲ ਨਾ ਸੋਨੇ ਦਾ ਪਾਂਵਦਾ ਏ ।
ਝੂਠ ਝੂਠ ਹੈ ਸਦਾ ਹੀ ਪਾਪ ਭੈਣੇ,
ਝੂਠ ਸਦਾ ਦੁਫੇੜ ਹੀ ਪਾਂਵਦਾ ਏ ।
ਝੂਠ ਬੋਲਿਆਂ ਰਹੇ ਇਤਬਾਰ ਨਾਹੀਂ,
ਇਸ ਦੇ ਕਹਿਆਂ ਅਰਾਮ ਨ ਆਂਵਦਾ ਏ ।
ਸੰਸਾ ਹਿਰਦਿਆਂ ਅੰਦਰੇ ਆਇ ਵੜਦਾ,
ਸ਼ੱਕ ਦੋਹੀਂ ਵਲੀਂ ਬੱਝ ਜਾਂਵਦਾ ਏ । ੭ ।

ਝੂਠ ਨਾਲ ਚਹਿ ਰੰਜ ਕੁਝ ਟਲੇ ਭਾਵੇਂ,
ਪਿਛੋਂ ਪੋਲ ਸਾਰਾ ਖੁਲ੍ਹ ਜਾਂਵਦਾ ਏ ।
ਮੀਂਹ ਲੱਥਿਆਂ ਰੇਤ ਦੀ ਕੰਧ ਢਹਿੰਦੀ,
ਝੱਖੜ ਕਾਗਤਾਂ ਤਾਂਈਂ ਉਡਾਂਵਦਾ ਏ ।
ਤਿਵੇਂ ਜਦੋਂ ਨਿਤਾਰੜਾ ਆਣ ਹੋਵੇ,
ਝੂਠ ਪਾਜ ਸਾਰਾ ਖੁਲ੍ਹ ਜਾਂਵਦਾ ਏ ।
ਪਾਜ ਖੁੱਲਿਆਂ ਪਾਣ ਨਾ ਪੱਤ ਰਹਿੰਦੀ.
ਮੋਹ ਫੇਰ ਨਾ ਮੂਲ ਰਹਾਂਵਦਾ ਏ । ੮ ।

ਤੇਰੇ ਝੂਠ ਨੂੰ ਵੀਰ ਨੇ ਤਾੜ ਲੀਤਾ,
ਇਕ ਵੇਰ ਨਾ, ਬਹੁਤ ਹੀ ਵਾਰ, ਭਾਬੀ ।
ਦਿਲ ਓਸ ਦਾ ਟੁੱਟਿਆ ਏਸ ਗੱਲੇ,
ਰਿਹਾ ਤੁੱਧ ਦਾ ਨਾ ਇਤਬਾਰ, ਭਾਬੀ ।
ਧੁੱਖ ਨਾਂਹ ਤੇ ਦੇਹ ਉਲਾਂਭੜੇ ਨੀ,
ਵਿਗੜੀ ਗਲ ਨੂੰ ਕਿਵੇਂ ਸੁਆਰ. ਭਾਬੀ ।
ਛਡ ਮਾਨ ਤੇ ਹੋ ਨਿਮਾਨੜੀ ਨੀ,
ਚਰਨ ਪਕੜ ਕੇ ਮੰਨ ਲੈ ਹਾਰ, ਭਾਬੀ । ੯ ।

**ਭਾਬੀ–**

ਮੇਰੇ ਝੂਠ ਨਿਤਾਰਨੇ ਜਾਨਣੀ ਏਂ,
ਕਦੀ ਲਈ ਆ ਵੀਰ ਦੀ ਸਾਰ, ਨਣਦੇ ।
ਜੋ ਕੁਛ ਕਰੇ ਅਨੀਤੀਆਂ ਨਾਲ ਮੇਰੇ,
ਕਦੀ ਓਸ ਨੂੰ ਪੁੱਛ ਵੰਗਾਰ ਨਣਦੇ ।
ਹੀਣੀ ਲੱਭ ਅਸਾਮੜੀ ਮੁੱਝ ਤਾਈਂ,
ਸਿਰ ਸੁੱਟਿਆ ਕਣਕ ਦਾ ਭਾਰ ਨਣਦੇ ।
ਅੰਤ ਮਾਪਿਆਂ ਜਾਇਆ ਵੀਰ ਪਯਾਰਾ,
ਪ੍ਰਾਈ ਜਾਈ ਹੈ ਨਹੀਂ ਦਰਕਾਰ ਨਣਦੇ । ੧੦ ।

ਦਿੱਤਾ ਕਦੀ ਦਿਲਾਸੜਾ ਓਸ ਨਾਂਹੀ,
ਸੁਣੀ ਕਦੀ ਨਾ ਦੁੱਖ ਤੇ ਸੁੱਖ ਦੀ ਨੀ ।
ਜੇ ਮੈਂ ਆਪ ਨਿਕਾਰੀ ਬੁਲਾਂਵਦੀ ਹਾਂ,
ਅਗੋਂ ਬਾਤ ਨ ਬੋਲਦਾ ਰੁੱਖ ਦੀ ਨੀ ।
ਪੁੱਛਾਂ ਗੱਲ ਤਾਂ ਆਖਦਾ 'ਕੀਹ ਤੈਨੂੰ',
'ਮੈਨੂੰ ਕੀਹ' ਦੀ ਗੱਲ ਉੱਠ ਧੁੱਖਦੀ ਨੀ ।
ਨਾਂ–ਧ੍ਰੀਕ ਏ ਕੰਤ ਸਿਰ ਸੋਭਦਾ ਏ
ਜਿਵੇਂ ਝਾਲ ਦੇਂਦੇ ਟਾਂਡੇ ਉੱਖ ਦੀ ਨੀ । ੧੧ ।

**ਨਿਨਾਣ–**

ਦੋਸ਼ ਕੁਝ ਨਾ ਓਸ ਦੇ ਵਿੱਚ ਵੱਸੇ;


www.sikhbookclub.com

ਤੇਰੇ ਝੂਠ ਕੀਤਾ ਗਮਰੁੱਠ, ਭਾਬੀ।
ਓਹ ਹੈ ਚੀਕਦਾ ਆਪਣੀ ਥਾਉਂ ਰਹਿੰਦਾ,
ਸਾਧ ਹੋਇ ਮੱਲਾਂ ਪਰਬਤ ਗੁੱਠ, ਭਾਬੀ।
ਕਦੀ ਚੀਨ ਜਪਾਨ ਨੂੰ ਜਾਣ ਕਹਿੰਦਾ,
ਫਿਰੇ ਹੋਇ ਮੁਤਾਨੜਾ ਉੱਠ, ਭਾਬੀ।
ਉਹ ਹੈ ਸੱਚੜਾ ਝੂਠ ਨਾ ਭਾਂਵਦਾ ਸੂ,
ਜੇ ਤੂੰ ਹਾਰ ਜਾਵੇਂ ਪੈਸੀ ਤੁੱਠ, ਭਾਬੀ।੧੨।

ਜੇ ਕਰ ਵਾਉ ਦੇ ਘੋੜਿਆ ਚੜ੍ਹੀ ਰਹੀਏਂ,
ਬਾਣ ਝੂਠ ਦੀ ਛੱਡ ਨਾ ਦਿੱਤੀਓ ਈ।
ਓਹੋ ਧਰੇਗਾ ਮੂੰਹ ਬਦੇਸ਼ ਵੱਲ,
ਅਕਲ ਤੁੱਧ ਜੇ ਅਜੇ ਨ ਕੀਤੀਓ ਈ।
ਹੋਸੇਂ ਆਪ ਛੁੱਟੜ, ਮਾਪੇ ਪਏ ਵਿਲਕਣ,
ਭੈਣ ਕੂਕਸੀ ਚੁੱਪ ਜੇ ਪੀਤੀਓ ਈ।
ਓਦੋਂ ਦੁੱਖ ਵਿਛੋੜੇ ਦੇ ਜਾਣਸੇਂਗੀ,
ਜਦੋਂ ਆਣ ਤੇਰੇ ਸਿਰ ਬੀਤੀਓ ਈ।੧੩।

ਭਾਬੀ–

ਮੇਰੇ ਭਾ ਜੋ ਪਏਗੀ ਕੱਟ ਲਾਂਗੀ,
ਹੋਣੀ ਮਿਟੇ ਨਾ ਮੱਥਿਆਂ ਟੇਕਿਆਂ ਨੀ।
ਜਦੋਂ ਰੁਤ ਸਿਆਲ ਦੀ ਟੁੱਟ ਪੈਂਦੀ,
ਪਰਬਤ ਤਪਣ ਨਾ ਅੱਗ ਦੇ ਸੇਕਿਆਂ ਨੀ।
ਨੱਸ ਜਾਊ ਜੇ ਕੰਤ ਨੇ ਨੱਸਣਾ ਹੈ,
ਪਾਣੀ ਟਿਕੇ ਨਾ ਭਾਂਡਿਆਂ ਛੇਕਿਆਂ ਨੀ।
ਦੋਸ਼ ਕਰਮਾਂ ਦੇ ਸਿਰੇ ਮੈਂ ਦੇਂਵਦੀ ਹਾਂ,
ਭੁੱਲ ਕੀਤੀ ਹੈ ਭਾਰੜੀ ਪੇਕਿਆਂ ਨੀ।੧੪।

ਇਕ ਕੰਤ ਵੈਰੀ, ਨਾਲ ਸੱਸ ਵੈਰਨ,
ਸਹੁਰਾ ਸੱਸ ਸਿਖਾਲਿਆ ਮੀਤ ਨਾਹੀਂ।
ਜੇਠ ਦੇਉਰਾਂ ਏਕਾ ਹੈ ਖੂਬ ਕੀਤਾ,

ਤਰਸ ਨਣਦ ਦੇ ਰਤਾ ਵੀ ਚੀਤ ਨਾਹੀਂ।
ਜਿਥੇ ਸੱਭ ਹੀ ਦੂਤੀਏ ਹੋਣ ਲਾਗੂ,
ਜਿਥੇ ਨਯਾਉਂ ਤੇ ਧਰਮ ਦੀ ਰੀਤਿ ਨਾਹੀਂ।
ਓਥੇ ਨੇਂਹ ਨਾ ਸੁਖ ਦੀ ਆਸ ਰਖੇ,
ਉਮਰਾ ਝੇੜਿਆਂ ਬਾਝ ਬਿਤੀਤ ਨਾਹੀਂ।੧੫।

ਨਿਨਾਣ–

ਕਿਉਂ ਤੂੰ ਐਡੇ ਕਲੇਸ਼ ਸਹਾਰਨੀ ਹੈਂ;
ਰੁੜ੍ਹਦੀ ਜਾਂਵਦੀ ਆਪਣੇ ਆਪ ਕੋਲੋਂ।
ਮਨ ਦੇ ਵੇਗ ਦੇ ਨਾਲ ਹੀ ਵਹੀ ਜਾਵੇਂ,
ਚਿੰਤਾ ਡੈਣ ਦੇ ਬਚੇਂ ਨ ਤਾਪ ਕੋਲੋਂ।
ਬੇੜੀ ਤਾਰ ਵਿਚਾਰ ਦੀ ਲਏ ਤੈਨੂੰ;
ਸੋਚ ਕਢ ਲਏ ਏਸ ਸੰਤਾਪ ਕੋਲੋਂ।
ਦੋਸ਼ ਦੇਹ ਨਾ ਮਾਪਿਆਂ ਦਰਦੀਆਂ ਨੂੰ,
ਦਰਦੀ ਕੌਣ ਹੋਵੇ ਮਾਈ ਬਾਪ ਕੋਲੋਂ।੧੬।

ਭਾਬੀ–

ਮੈਂ ਨਾ ਕੁਝ ਕਸੂਰ ਹੈ ਮੂਲ ਕੀਤਾ,
ਮਾਰੇ ਮਾਂਹ ਨਾ ਤੁੱਧ ਦੇ ਵੀਰ, ਨਣਦੇ।
ਵਾਂਗ ਨੌਕਰਾਂ ਝਾੜਦਾ ਫੂਕਦਾ ਹੈ,
ਕੰਗਲੀ ਜਾਣਦਾ ਮੁਝ ਨੂੰ ਕੀਰ, ਨਣਦੇ।
ਤੂੰ ਤਾਂ ਓਸ ਨੂੰ ਮੂਲ ਨਾ ਕੁੱਝ ਆਖੇਂ
ਲਾਵੇਂ ਮੁਝ ਨੂੰ ਨਵੇਂ ਹੀ ਤੀਰ, ਨਣਦੇ।
ਉਪਰ ਚੀਰ ਦੇ ਧੂੜ ਕੇ ਲੂਣ ਮਿਰਚਾਂ,
ਫੇਰ ਆਖਦੇ ਹੋ, 'ਰਖ ਧੀਰ', ਨਣਦੇ।੧੭।

ਨਿਨਾਣ–

ਭਾਬੀ! ਵੀਰ ਨੂੰ ਮੈਂ ਸਮਝਾ ਹਾਰੀ,
ਇਕੋ ਗਲ ਦਾ ਓਸ ਨੂੰ ਰੋਸ ਚੜ੍ਹਿਆ।
ਹੋਰ ਕੁਝ ਨਾ ਐਬ ਚਿਤਾਰਦਾ ਹੈ,

ਇਕੋ ਗਲ ਨੂੰ ਹੈ ਓਹ ਰਿਦੇ ਅੜਿਆ।
ਇਕੋ ਸੱਚ ਦੀ ਬਾਣ ਜੋ ਰਿਦੇ ਧਾਰੀ,
ਨਹੀਂ ਚਾਹੁੰਦਾ ਤੁੱਧ ਨੂੰ ਝੂਠ ਖੜਿਆ।
ਝੂਠ ਛਡੇਂ ਤਾਂ ਰਾਸ ਬਿਰਾਸ ਹੋਵੇ,
ਮੰਨ ਪਵੇ ਜੋ ਜਾਪਦਾ ਨਿਤ ਕੁੜ੍ਹਿਆ ।੧੮।

**ਭਾਬੀ–**

ਤੇਰੀ ਚੋਪੜੀ ਜੀਭ ਨੂੰ ਜਾਣਦੀ ਹਾਂ,
ਸੁੱਕੇ ਦਿਲਾਂ ਨੂੰ ਨੇਹੁ ਜੋ ਲਾਂਵਦੀ ਹੈ।
ਆਪ ਵੇਖਦੀ ਸਮਝਦੀ ਜੀਭ ਨਾਹੀਂ,
ਕੇਵਲ ਥਿੰਧੜੇ ਵਾਕ ਅਲਾਂਵਦੀ ਹੈਂ।
ਭੁੱਲ ਵੀਰ ਦੀ ਮੜ੍ਹੇਂ ਤੂੰ ਸੀਸ ਮੇਰੇ,
ਮੈਥੋਂ ਆਪਣਾ ਕਾਜ ਕਰਾਂਵਦੀ ਹੈ।
ਸੋਨੇ ਜੀਭ ਮੜ੍ਹਾਇ ਵਲੈਤ ਘੱਲੀਂ,
ਐਥੇ ਕਦਰ ਨਾ ਕੁੱਝ ਬੀ ਪਾਂਵਦੀ ਹੈ ।੧੯।

**ਨਿਨਾਣ–**

ਮੈਂ ਸਮਝਾਣ ਲਗੀ ਤੈਨੂੰ ਭਲੇ ਬਦਲੇ,
ਉਲਟ ਮੇਰੇ ਹੀ ਗਲੇ ਦਾ ਹਾਰ ਹੋਈਏਂ।
ਤੇਰੇ ਬੋਲ ਕੁਬੋਲ ਸਹਾਰ ਸਾਰੇ,
ਫੇਰ ਆਖਦੀ ਹਾਂ ਹੁਣ ਹੁਸ਼ਿਆਰ ਹੋਈਏਂ।
ਭੈੜਾ ਨਾਉਂ ਨਿਨਾਣ ਦਾ ਭਾਬੀਆਂ ਨੂੰ,
ਭਾਵੇਂ ਭੈਣਾਂ ਤੋਂ ਵਧ ਪਿਆਰ ਗੋਈਏ।
ਤੱਕਾਂ ਉੱਜੜਦਾ ਝੁੱਗੜਾ ਵੀਰ ਸੰਦਾ,
ਆਖਾਂ ਦੁੱਖ ਤੋਂ ਕਿਵੇਂ ਹੋ ਪਾਰ ਹੋਈਏ ।੨੦।

**ਭਾਬੀ–**

ਜਿੱਕੁਰ ਮੁੱਝ ਨੂੰ ਕਹੇ ਮੈਂ ਚਰਨ ਪਕੜਾਂ,
ਆਖ ਵੀਰ ਨੂੰ ਛਡ ਹੰਕਾਰ ਦੇਵੇ।
ਧੀ ਮਾਪਿਆਂ ਸਾਊਆਂ ਸੰਦੜੀ ਹਾਂ,
ਦੇ ਦਿਲਾਸੜਾ ਪਯਾਰ ਪੁਚਕਾਰ ਲੇਵੇ।

ਝੂਠ ਸੱਚ ਜਹਾਨ ਹੀ ਬੋਲਦਾ ਹੈ,
ਭੁੱਲ ਗਈ ਦੀ ਅੰਤ ਨੂੰ ਸਾਰ ਲੇਵੇ।
ਅਗੋਂ ਰਹਾਂਗੀ ਸਦਾ ਸੁਚੇਤ, ਨਣਦੇ,
ਬੋਲਾਂ ਫੇਰ ਤਾਂ ਧੱਕੜਾ ਮਾਰ ਦੇਵੇ।੨੧।

ਨਿਨਾਣ-

ਅੱਧ ਮੰਨੀ ਏਂ ਅੱਧ ਬੀ ਹੋਰ ਮੰਨੀਂ,
ਤੇਰੇ ਚਰਨ ਮੈਂ ਆਪ ਹੁਣ ਪਰਸਦੀ ਹਾਂ।
ਹੋ ਨਿਮਾਨੜੀ ਵੀਰ ਦੀ ਥਾਉਂ ਭਾਬੀ,
ਤੁਹਾਡੇ ਮੇਲ ਨੂੰ ਵੇਖਣਾ ਤਰਸਦੀ ਹਾਂ।
ਹੱਸਾਂ, ਜਦੋਂ ਇਕ ਮਿਕ ਮੈਂ ਹੋਏ ਵੇਖਾਂ,
ਲੜੇ ਵੇਖ ਕੇ ਮੇਘ ਜਯੋਂ ਬਰਸਦੀ ਹਾਂ।
ਜੇਕਰ ਕਰੇਂ ਕਬੂਲ ਏ ਅਰਜ਼ ਮੇਰੀ,
ਫੂਲ ਵੇਲ ਦੇ ਵਾਂਗ ਸਰੱਸਦੀ ਹਾਂ।੨੨।

ਭਾਬੀ-

ਹਾਰ ਮੰਨਿਆਂ ਬਾਝ ਨਾ ਛੁਟੇ ਖਹਿੜਾ,
ਛਡੀ ਬਾਣ ਹੁਣ ਲੂਣ ਮੈਂ ਤੋਲਣੇ ਦੀ।
ਬਾਣ ਵੀਰ ਨੂੰ ਆਖ ਓ ਛਡ ਦੇਵੇ,
ਮੇਰੇ ਗੁੱਝੜੇ ਭੇਦ ਫਰੋਲਣੇ ਦੀ।
ਥੋੜਾ ਬੋਲਸਾਂ, ਬੋਲਸਾਂ ਸੱਚ ਸਾਰਾ,
ਛਡੀ ਆਸ ਦਿਲ ਆਪਣਾ ਖੋਲ੍ਹਣੇ ਦੀ।
ਕਰਾਂ ਕੈਦੀਆਂ ਵਾਂਗ ਮੈਂ ਉਮਰ ਪੂਰੀ,

ਸਿੱਕ ਛਡ ਅਨੰਦਾਂ ਨੂੰ ਟੋਲਣੇ ਦੀ।੨੩।
ਭੁੱਲ ਸੋਧ ਲੈਸਾਂ ਪਰ ਇਹ ਪੱਕ ਜਾਣੀਂ,
ਪੈਰੀਂ ਪੈਂਦੀ ਨ ਤੁੱਧ ਦੇ ਵੀਰ ਦੀ ਹਾਂ।
ਝੂਠ ਕਦੀ ਨਾ ਬੋਲਸਾਂ ਮਰਾਂ ਭਾਵੇਂ,
ਪੈਰੀਂ ਪਵਾਂ ? ਕੀ ਧੀ ਫਕੀਰ ਦੀ ਹਾਂ ?

ਤੇਰਾ ਆਖਿਆ ਰੱਖਿਆ ਸਿਰ ਮੱਥੇ,
ਮੰਨਣ ਵਾਲੜੀ ਨਹੀਂ ਮੈਂ ਪੀਰ ਦੀ ਸਾਂ।
ਪਿਛਾ ਤੁਸੀਂ ਭੁੱਲੋ ਮੈਂ ਨਾ ਯਾਦ ਰਖੂੰ,
ਝੱਲ ਔਕੜਾਂ ਦਾ ਐਉਂ ਚੀਰਦੀ ਹਾਂ।੨੪।

**ਨਿਨਾਣ–**

ਤੇਰੇ ਮੁੱਖ ਤੋਂ ਮੈਂ ਕੁਰਬਾਨ ਭਾਬੀ,
ਜਿਸ ਨੇ ਬਾਕੀ ਦੀ ਉਮਰ ਸੁਆਰ ਲੀਤੀ।
ਮੇਰੇ ਜੇਹੀ ਨਿਕਾਰੀ ਦੇ ਲੱਗ ਆਖੇ,
ਨਦੀ ਝੂਠ ਦੀ ਠਿੱਲ੍ਹ ਕੇ ਪਾਰ ਕੀਤੀ।
ਨਿਕੀ ਜਿਹੀ ਇਕ ਮਾਨ ਦੀ ਰਹੀ ਮੋਰੀ,
ਕਸੀਸ ਵੱਟ ਕੇ ਛਾਲ ਜੇ ਮਾਰ ਲੀਤੀ।
ਬੂੱਲੇ ਲੁੱਟਸੇਂ ਹੋਇਕੇ ਪਾਰ, ਭਾਬੀ,
ਆਖੂ ਜੱਗ–ਬਲਿਹਾਰ ਬਲਿਹਾਰ ਕੀਤੀ।੨੫।

**ਭਾਬੀ–**

ਖਹਿੜਾ ਛਡ, ਸਤਾ ਨਾ ਹੋਰ ਨਣਦੇ,
ਮੈਥੋਂ ਪੈਰਾਂ ਤੇ ਪਿਆ ਨ ਜਾਂਵਦਾ ਏ।
ਚੜ੍ਹਕੇ ਆਪ ਡੋਲੇ, ਪੈਰੀਂ ਤੋਰ ਆਂਦਾ,
ਓਸ ਅਗੇ ਨ ਨੀਵਿਆਂ ਜਾਂਵਦਾ ਏ।
ਜਿਨ੍ਹੇ ਆਦਰਾਂ ਨਾਲ ਸੀ ਘਰੀਂ ਆਂਦਾ,
ਨਿਰਾਦ੍ਰ ਓਸ ਤੋਂ ਸਿਹਾ ਨ ਜਾਂਵਦਾ ਏ।
ਹੱਥੀਂ ਚਾੜ੍ਹ ਡੋਲੇ, ਜਿਹੜਾ ਭੋਏਂ ਪਟਕੇ,
ਪੈਰੀਂ ਪਿਆਂ ਨੂੰ ਕਿੱਥੇ ਪੁਚਾਂਵਦਾ ਏ ? ।੨੬।

**ਨਿਨਾਣ–**

ਦਿਆਂ ਦੋਸ਼ ਨਾ ਵੀਰ ਨੂੰ ਭਾਬੀਏ ਨੀ,
ਤੇਰਾ ਕੰਤ ਓ ਜੱਗ ਸਦਾਂਵਦਾ ਏ।
ਨਾਂਹ ਦੋਸ਼ ਤੇਰਾ, ਮੂੰਹ ਸੜੇ ਉਹਦਾ,

ਤੈਨੂੰ ਭਾਬੀ ! ਜੋ ਬੁਰਾ ਬਣਾਂਵਦਾ ਏ।
ਦੋਸ਼ ਝੂਠ ਤੇ ਮਾਨ ਦਾ ਦੋਹੀਂ ਵੱਲੀਂ,
ਫਿੱਕ ਝੂਠ ਤੇ ਮਾਨ ਸਭ ਪਾਂਵਦਾ ਏ।
ਦੋਵੇਂ ਝੂਠ ਤੇ ਮਾਨ ਜਦ ਦੂਰ ਹੋਵਣ,
ਮੇਲ ਆਪ ਹੀ ਤਦੋਂ ਹੋ ਜਾਂਵਦਾ ਏ।੨੭।

ਭਾਬੀ ਬੈਠੀ ਨੂੰ ਛੱਡ ਨਿਨਾਣ ਉੱਠੀ,
ਮਾਉਂ ਆਪਣੀ ਦੇ ਪਾਸ ਜਾਇ ਬੋਲੀ।
ਭਾਬੀ ਮੁੜ ਨੂੰ ਦਿਲੇ ਦਾ ਹਾਲ ਕਹਿਆ,
ਸਾਰੀ ਦੁੱਖ ਦੀ ਵਿੱਥਿਆ ਓਸ ਫੋਲੀ।
ਹਠ ਮਾਨ ਹੈ ਇਕ ਕਸੂਰ ਉਸਦਾ,
ਹੋਰ ਸਭਸ ਗੱਲੇ ਹੈਵੇ ਭਲੀ ਭੋਲੀ।
ਕੁਝ ਤੁਸੀਂ ਬੀ ਮਾਉਂ ਜੀ ! ਵੇਸਲੇ ਹੋ,
ਸਾਊ ਹੋਰ ਆਖੋ ਬਣੇਂ ਕਿਵੇਂ ਗੋਲੀ।੨੮।

ਜੇਕਰ ਨਾਲ ਪਿਆਰ ਦਿਲਾਸਿਆਂ ਦੇ,
ਤੁਸੀਂ ਵੱਸ ਕਰਦੇ ਨੂੰਹ ਵੱਸ ਹੁੰਦੀ।
ਤੁਸੀਂ ਮਿਹਣਿਆਂ ਨਾਲ ਸ਼ਿਕਾਰ ਸਿੱਲੋ,
ਆਟੇ ਨਾਲ ਲਿੰਬੋ ਗਾਗਰ ਲੋਹਿ-ਚੋਂਦੀ।
ਲਹੂ ਲਹੂ ਦੇ ਨਾਲ ਨਾ ਧੋਪਦਾ ਹੈ,
ਵੈਣ ਪਾਇਆਂ ਨ ਚੁਪ ਹੋ ਨਾਰ ਰੋਂਦੀ।
ਮਾਨ ਮਾਨ ਦੇ ਨਾਲ ਨਾ ਦੂਰ ਹੋਵੇ,
ਲਸੂੜੇ ਲੇਸ ਨੂੰ ਲਾਹ ਨਾ ਸਕੇ ਗੋਂਦੀ।੨੯।

**ਮਾਉਂ:-**

ਧੀ ਪਯਾਰੀਏ ! ਅਕਲ ਦਾ ਕੋਟ ਕੁੜੀਏ !
ਦੱਸ ਮਾਉਂ ਨੂੰ ਭੁੱਲ ਜੋ ਹੋਇ ਦੇਖੀ।
ਭਾਬੀ ਬਹੁਤ ਪਿਆਰੀ ਹੈ ਤੁੱਧ ਲੱਗੀ,
ਬਾਹਰੋਂ ਭੁਲੀ ਏਂ ਅੰਦਰੋਂ ਨਹੀਂ ਦੇਖੀ।
ਮੋਰ ਸੋਹਿਣਾ ਪਾਇਲਾਂ ਪਾਂਵਦਾ ਹੈ,

ਸਪ ਖਾਂਦੇ ਦੀ ਦਸ਼ਾ ਤੂੰ ਨਹੀਂ ਵੇਖੀ।
ਬਾਹਰੋਂ ਸਿਧੀ ਤੇ ਅੰਦਰੋਂ ਸੱਪਣੀ ਹੈ,
ਵਿਸ ਘੋਲਦੀ ਕਦੀ ਤੂੰ ਨਹੀਂ ਵੇਖੀ।੩੦।

ਧੀ—

ਤੁਹਾਡੇ ਵਾਕ ਉਲੰਘਿਆਂ ਅਦਬ ਉਡੇ,
ਗਲ ਮੋੜਾਂ ਇਹ ਮੁਝ ਨੂੰ ਬਣੇ ਨਾਹੀਂ।
ਅੜੇ ਸੂਤ ਦੀ ਗੁੰਝਲ ਨਾ ਖੋਲ੍ਹੀਏ ਜੇ
ਤਾਣੀ ਰੱਛ ਤੋਂ ਕਿਵੇਂ ਹੀ ਤਣੇ ਨਾਹੀਂ।
ਵਿਗੜੀ ਘਰੇ ਦੀ ਤਾਣੀ ਨੂੰ ਖੋਲ੍ਹਦੀ ਹਾਂ,
ਅੰਮਾਂ ਦੋਸ਼ ਮੇਰਾ ਜੇ ਤੂੰ ਗਿਣੇ ਨਾਹੀਂ।
ਇਕ ਵੀਰ ਦੁਖੀਆ, ਦੂਜੇ ਤੁਸੀਂ ਔਖੇ,

ਦੁਖੀ ਭਾਬੀ ਕੀ ਮਾਪਿਆਂ ਸਣੇ ਨਾਹੀਂ ? ੩੧।
ਮੈਂ ਹਾਂ ਚਾਹੁੰਦੀ ਦੁੱਖ ਇਹ ਦੂਰ ਹੋਵੇ,
ਦੂਜੇ ਕੰਨ ਨਾ ਪਵੇ ਬਲੇਲ ਮਾੜੀ।
ਬਣਿਆਂ ਰਹੇ ਇਹ ਨੱਕ ਨਮੂਜ ਸਾਡਾ,
ਖਿੜੀ ਰਹੇ ਇਹ ਫੁੱਲਾਂ ਦੀ ਘਣੀ ਵਾੜੀ।
ਰਹੇ ਸੱਸ ਤੇ ਨੂੰਹ ਦੀ ਮੁੱਠ ਮੀਟੀ,
ਸੁੱਧ ਤੋਲਦੀ ਤੱਕੜੀ ਜਿਵੇਂ ਹਾੜੀ।
ਏਸ ਵਾਸਤੇ ਬੇਨਤੀ ਕਰਾਂ ਮਾਤਾ,
ਕਰਨਾ ਮਾਫ ਮੇਰੀ ਨਹੀਂ ਨੀਤ ਮਾੜੀ।੩੨।

ਮਾਉਂ—

ਜੋ ਕੁਝ ਆਖਿਆ ਚਾਹੁੰਦੀ ਆਖ ਧੀਏ,
ਮਾਸ ਨਹੁਵਾਂ ਤੋਂ ਨਾ ਅਵਾਜ਼ਾਰ ਹੋਵੇ।
ਗੁੱਸਾ ਕਰਾਂ ਨਾ, ਆਖ ਜੋ ਆਖਣਾ ਈਂ,
ਧੀ ਸਦਾ ਮਾਂ ਦੀ ਦਿਲਦਾਰ ਹੋਵੇ।
ਜੇਕਰ ਕੁੱਝ ਉਪਾ ਤੂੰ ਸੋਚਿਆ ਹੈ,
ਦੱਸ, ਨਾਲ ਜਿਸਦੇ ਦੁੱਖ ਪਾਰ ਹੋਵੇ।


www.sikhbookclub.com

ਕਰਦੀ ਰਹੀ ਹਾਂ ਟਿਚਕਰਾਂ ਜਗਤ ਨੂੰ ਮੈਂ,
ਹੁਣ ਮੈਨੂੰ ਨਾ ਕਿਤੇ ਫਿਟਕਾਰ ਹੋਵੇ ।੩੩।

ਧੀ—

ਵਾਰੀ ਮਾਉਂ ਦੇ ਬਚਨ ਤੋਂ ਜਾਂ ਸਾਰੀ,
ਮਾਣ ਹੀਣੀ ਦਾ ਮਾਣ ਜਿਨ ਰੱਖ ਲੀਤਾ ।
ਭਾਬੀ ਪੜ੍ਹੀ ਨਾ, ਮਾਉਂ ਜੀ ! ਦੋਇ ਅੱਖਰ,
ਸੰਗਤ ਭਲੀ ਦਾ ਮੂਲ ਨਾ ਪੱਖ ਕੀਤਾ ।
ਡੋਲੀ ਚੜ੍ਹਕੇ ਪਹਿਨ ਕੇ ਜ਼ਰੀ ਗੋਟੇ,
ਪੀਹੜੇ ਬੈਠ, ਨਾ ਦੋਹਰਾ ਕੱਖ ਕੀਤਾ ।
ਸੱਸ ਨਾਲ ਪਿਆਰ ਨਾ ਮੱਤ ਦਿੱਤੀ,
ਪਤੀ ਵਿੱਦਿਆ ਦਾਨ ਨਾ ਕੱਖ ਕੀਤਾ ।੩੪।

ਇੱਕੁਰ ਅਕਲ ਨਾ ਅਸਲ ਦੀ ਓਨ ਸਿੱਖੀ,
ਸਿੱਖਯਾ ਪਾਣ ਦਾ ਸਮਾਂ ਨ ਆਇਆ ਏ ।
ਓਸ ਅੱਲ੍ਹੜ ਤੋਂ ਪਤੀ ਉਮੈਦ ਰੱਖੇ,
ਮਾਨੋਂ ਸੀਤਾ ਪਰਨਾ ਲਿਆਇਆ ਏ ।
ਸੱਸ ਚਾਹੁੰਦੀ ਅਕਲ ਦਾ ਕੋਟ ਹੋਵੇ,
ਭਾਰ ਮੇਰੇ ਸਿਰੋਂ ਚਾਇਆ ਜਾਇਆ ਏ ।
ਸਹੁਰੇ, ਜੇਠ, ਨਿਨਾਣ ਨੇ ਆਸ ਰੱਖੀ ।
ਸੇਵਾ ਸਾਡੀ ਨੂੰ ਡੋਲੜਾ ਆਇਆ ਏ ।੩੫।

ਕਿੱਡੀ ਭੁੱਲ ਹੈ ਮਾਉਂ ਜੀ ! ਸਾਰਿਆਂ ਦੀ,
ਭਾਰ ਨਿੱਕਰ ਤੇ ਐਤਨਾ ਪਾਉਂਦੇ ਹੋ ।
ਪੇਕੇ ਖੇਡਦੀ ਸਾਹੁਰੇ ਪਿੰਜਰੇ ਪੈ,
ਤੁਸੀਂ ਓਸ ਤੋਂ ਉਹ ਕੁਝ ਚਾਹੁੰਦੇ ਹੋ ।
ਜੋ ਕੁਝ ਓਸ ਦੇ ਪਾਸ ਨਾ ਆਇਆ ਹੈ,
ਭਾਂਡੇ ਪਈ ਨਾ, ਵੱਥ ਕਢਾਉਂਦੇ ਹੋ ।
ਖੇਚਲ ਕਰੋ ਨਾ ਕੋਈ ਸਿਖਾਣ ਸੰਦੀ,
ਉਜਾਂ ਭੁੱਲਦੀ ਨੂੰ ਐਵੈਂ ਲਾਂਵਦੇ ਹੋ ।੩੬।

ਹੈ ਅਨਜਾਣ ਉਹ ਭੁੱਲਦੀ ਖਰੀ ਅੰਮਾਂ,
ਭੁੱਲ ਓਸਦੀ ਪਾਪ ਕਿਉਂ ਜਾਣਦੇ ਹੋ ?
ਫੇਰ ਖਿਮਾਂ ਨਾ ਕਰੋ ਤੇ ਵਧੀ ਜਾਵੇ,
ਛੱਪਰ ਕਹਿਰ ਦਾ ਸਿਰੇ ਤੇ ਤਾਣਦੇ ਹੋ।
ਅਪਣੀ ਅਕਲ ਤੋਂ ਵੱਧ ਉਮੈਦ ਰੱਖੋ,
ਦਸੋ ਤੁਸੀਂ ਕੀ ਓਹਦੇ ਹਾਣ ਦੇ ਹੋ ?
ਛੇਕੜ ਤੁਸੀਂ ਬੀ ਧੀਆਂ ਹੀ ਵਾਲੜੇ ਹੋ,
ਦੁੱਖ ਦੇਕੇ ਸੁਖ ਦੀ ਠਾਣਦੇ ਹੋ ? ੩੭।

ਮਾਉਂ-

ਧੀਏ ! ਸੱਚ ਹੈ ਸੱਚ ਤੂੰ ਆਖਿਆ ਜੋ,
ਭਾਬੀ ਤੁੱਧ ਦੀ ਖੋਟ ਕਮਾਂਵਦੀ ਹੈ।
ਸੱਚ ਨੱਪਦੀ ਝੂਠ ਖਿਲਾਰਦੀ ਹੈ,
ਉੱਪਰ ਬੱਦਲਾਂ ਸ਼ਹਿਰ ਵਸਾਂਵਦੀ ਹੈ।
ਕੰਨ ਸਹਿਆਂ ਨੂੰ ਲਾਂਵਦੀ, ਅੱਗ ਪਾਣੀ,
ਰੇਤ ਥਲੇ ਨੂੰ ਪਾਣੀ ਦਿਖਾਂਵਦੀ ਹੈ।
ਮੈਂ ਤਾਂ ਗਈ ਅਨਗਈ ਕਰਾਂਵਦੀ ਹਾਂ,
ਉਹ ਭੂਈ ਹੋ ਹੋ ਸਿਰੇ ਆਂਵਦੀ ਹੈ।੩੮।

ਧੀ-

ਕਦੀ ਸਿੱਕਦੇ ਸੀ ਤੁਸੀਂ ਨੂੰਹ ਵੇਖੋ,
ਨਾਉਂ ਨੋਂਹ ਦਾ ਰਬ ਤੋਂ ਭਾਉਂਦਾ ਸੀ।
ਨੋਂਹ ਕਾਰਨੇ ਚਾਕਰੀ ਭਾਉਂਦੀ ਸੀ,
ਘਰੋ ਘਰੀ ਏ ਸ਼ੌਕ ਭੁਆਉਂਦਾ ਸੀ।
ਦਸੋ ਅੱਜ ਉਹ ਸ਼ੌਕ ਉਹ ਰਿਦਾ ਕਿੱਥੇ,
ਛੰਦੇ ਨੌਂਹ ਨੂੰ ਜੋ ਲਲਚਾਉਂਦਾ ਸੀ।
ਚਾਓ ਦੂਰ ਹੋਇਆ ਸ਼ੌਕ ਨੱਸ ਤੁਰਿਆ,
ਜਿਹੜਾ ਨੌਂਹ ਪਿਆਰੜੀ ਲਾਉਂਦਾ ਸੀ।੩੯।

ਮਾਉਂ–

ਇਹ ਬੀ ਸੱਚ ਬੱਚੀ ! ਮੇਰੀ ਮੱਤਿ ਕੱਚੀ,
ਮੇਰੀ ਸਿੱਕ ਨੂੰ ਸ਼ੋਕਾ ਕੀ ਵਰਤਿਆ ਹੈ ?
ਭੁੱਲ ਗਈ ਹੈ ਸੁਰਤ ਓਹ ਸੱਭ ਗੱਲਾਂ,
ਪਾਸਾ ਹੋਸ਼ ਦਾ ਏਸ ਨਾ ਪਰਤਿਆ ਹੈ।
ਮੈਨੂੰ ਕੀ ਹੋਇਆ, ਨੋਂਹ ਨੂੰ ਕੀ ਹੋਇਆ,
ਖੂਹ ਪੈ ਗਿਆ ਕੀਤਾ ਜੋ ਕਰਤਿਆ ਹੈ।
ਦੱਸ ਮੱਤ ਧੀਏ, ਰੱਖ ਪਤ ਧੀਏ,
ਮੇਰੀ ਅਕਲ ਨੂੰ ਕਿਨ੍ਹੇ ਆ ਗਰਤਿਆ ।੪੦।

ਧੀ–

ਨੋਂਹ ਧੀ ਹੈ ਆਨ ਜੋ ਘਰੇ ਵੱਸੇ,
ਧੀ ਚਿੜੀ ਜਿਵੇਂ ਉਡ ਜਾਂਵਦੀ ਹੈ।
ਨੋਂਹ ਸੱਸ ਨੂੰ ਧੀ ਜਿਉਂ ਲਗੇ ਚੰਗੀ,
ਨੋਂਹ ਤਦੋਂ ਹੀ ਭੇਦ ਸਭ ਪਾਂਵਦੀ ਹੈ।
ਸੱਸ ਬਰਦਿਆਂ ਵਾਂਙੂ ਦੁਰਕਾਰਦੀ ਹੈ,
ਭੁੱਲੀ ਨੋਂਹ ਨੂੰ ਰਾਹ ਨਾ ਪਾਂਵਦੀ ਹੈ।
ਮਾਉਂ ਵੀਰ ਨਾ ਓਸਨੂੰ ਦੇਇ ਮੱਤਾਂ,
ਡੁੱਲੀ ਹੋਈ ਨੂੰ ਗਲੇ ਨਾ ਲਾਂਵਦੀ ਹੈ ।੪੧।

ਉਸਦੀ ਭੁੱਲ ਨੂੰ ਸੱਸ ਨਾ ਕੱਜਦੀ ਹੈ,
ਸਗੋਂ ਬੈਠ ਬਨੇਰੜੇ ਭੰਡਦੀ ਹੈ।
ਨਾਲ ਪਯਾਰ ਨਾ ਸਿੱਖਿਆਂ ਦੇਂਵਦੀ ਹੈ,
ਵਿਚ ਤ੍ਰਿੰਞਣਾਂ ਜਾਣਕੇ ਛੰਡਦੀ ਹੈ।
ਪਯਾਰ ਪਾ ਨਾ ਨੋਂਹ ਨੂੰ ਮੋਂਹਦੀ ਹੈ'
ਨਾਲ ਟਿਚਕਰਾਂ ਵਾ ਜਿਉਂ ਫੰਡਦੀ ਹੈ।
ਜਾਣ ਆਪਣੀ ਲਾਡ ਲਡਾਂਵਦੀ ਨਾ,
ਵੰਡ ਮਿਹਣਿਆਂ ਦੀ ਸਦਾ ਵੰਡਦੀ ਹੈ ।੪੨।

 www.sikhbookclub.com

ਇਥੋਂ ਪਏ ਦੁਫੇੜ ਫਿਰ ਵਧੇ ਦਿਨ ਦਿਨ,
ਚਿਣਗ ਵੈਰ ਦੀ ਵੱਧਦੀ ਜਾਂਵਦੀ ਹੈ।
ਮਾਂ ਚਾਹੁੰਦੀ ਪੁੱਤ ਹੈ ਵੱਸ ਮੇਰੇ,
ਨੋਂਹ ਪਾਸੋਂ ਇਹ ਸਹੀ ਨਾ ਜਾਂਵਦੀ ਹੈ।
ਨੋਂਹ ਸੱਸ ਨੂੰ ਤੀਜ ਬਨਾਣ ਚਾਹੇ,
ਸੱਸ ਨੋਂਹ ਤ੍ਯਾਕੁਲ ਬਨਾਂਵਦੀ ਹੈ।
ਮੱਥਾ ਦੋਹਾਂ ਨੂੰ ਕਿਸੇ ਦਾ ਭਾਂਵਦਾ ਨਾ,
ਅੱਗ ਦੋਹੀਂ ਦਿਲੀਂ ਵਧੀ ਜਾਂਵਦੀ ਹੈ।੪੩।

ਸੋ ਹੁਣ ਮਾਂਉਂ ਜੀ ! ਤੁਸੀਂ ਇਹ ਕਰੋ ਦਾਰੂ,
ਮੇਰੀ ਥਾਂਉਂ ਤੇ ਨੋਂਹ ਨੂੰ ਥਾਪ ਲੇਵੋ।
ਮੈਂ ਤਾਂ ਮਾਂਉਂ ਹੈ ਸੱਸ ਬਣਾ ਲੀਤੀ,
ਤੁਸੀਂ ਨੋਂਹ ਨੂੰ ਧੀ ਬਨਾਇ ਲੇਵੋ।
ਜਿੱਕੁਰ ਰੱਜਕੇ ਪਯਾਰਦੇ ਮੁੱਝ ਨੂੰ ਸੀ,
ਇੱਕੁਰ ਨੋਂਹ ਨੂੰ ਪਯਾਰ ਪੁਚਕਾਰ ਲੇਵੋ।
ਓਹਨੂੰ ਆਪਣੀ, ਮੁੱਝ ਨੂੰ ਜਾਣ ਪ੍ਰਾਈ,
ਵਿਗੜੀ ਤੰਦ ਨੂੰ ਐਉਂ ਸੁਆਰ ਲੇਵੋ।੪੪।

ਮਾਂ—

ਤੈਨੂੰ ਭੁੱਲ ਨਾ ਸੱਕਦੀ ਬਚੜੀਏ ਨੀ,
ਤੇਰੇ ਜੇਹੀ ਜੇ ਕਹੇਂ ਕਰ ਲਵਾਂਗੀ ਸੂ।
ਮੈਂ ਤਾਂ ਮਾਂ ਬਣ ਜਾਂ, ਛੱਡ ਵੈਰ ਸਾਰੇ,
ਧੀ ਵਾਂਗ ਸਭ ਦੋਦ ਮੈਂ ਕਰਾਂਗੀ ਸੂ।
ਉਹ ਮਾਂਉਂ ਦੇ ਥਾਂਉਂ ਤੇ ਮੁੱਝ ਜਾਣੇ,
ਜਦੋਂ ਮੈਂ ਸਿਖ ਮੱਤ ਦਿਆਂਗੀ ਸੂ।
ਪਿਆਰ ਸਦਾ ਦੁਵੱਲੜੇ ਨਿਭੇ ਧੀਏ,
ਉਹ ਜੇ ਢਲੇ ਪਿਆਰ ਮੈਂ ਦਿਆਂਗੀ ਸੂ।੪੫।

**ਧੀ-**

ਓਹ ਢਲੇਗੀ ਬਣੇਗੀ ਧੀ ਪਯਾਰੀ.
ਢਿੱਡ ਵੜੇਗੀ ਮਾਂ ਦੇ ਧੀ ਬਣਕੇ ।
ਲੈਂਦੀ ਜ਼ਿੰਮੇ ਹਾਂ ਆਪਣੇ ਗੱਲ ਸਾਰੀ,
ਭਾਬੀ ਨਿਭੇਗੀ ਆਪ ਦੀ ਧੀ ਬਣਕੇ ।
ਤੁਸਾਂ ਬਚਨਾਂ ਦੀ ਲਾਜ ਨੂੰ ਪਾਲਣਾ ਹੈ,
ਮੈਨੂੰ ਖਿਮਾਂ ਕਰਨੀ ਅਪਣੀ ਧੀ ਗਿਣਕੇ ।
ਟੱਬਰ ਨਾਲ ਪਿਆਰ ਦੇ ਤਦੋਂ ਵੱਸੇ ।
ਗੁੰਦ ਜਾਣ ਸਾਰੇ ਮਾਲਾ ਵਾਂਗ ਮਣਕੇ ।੪੬।

ਜਦੋਂ ਮਾਂਉਂ ਸਮਝਾ ਬੁਝਾ ਲੀਤੀ,
ਛੋਟੀ ਭੈਣ ਦਾ ਖਯਾਲ ਫਿਰ ਆਇਆ ਹੈ ।
ਸੋਚ ਫੁਰੀ ਕਿ ਭਾਬੀ ਨੂੰ ਦੁੱਖ ਬਹੁਤਾ,
ਨਿੱਕੀ ਨਣਦ ਦੀ ਭੁੱਲ ਨੇ ਪਾਇਆ ਹੈ ।
ਨਿੱਕੀ ਆਪਣੀ ਭੈਣ ਨੂੰ ਮੱਤ ਦੇਈਏ,
ਜਿਨ੍ਹੇ ਮਾਂਉਂ ਦਾ ਰਿਦਾ ਤਪਾਇਆ ਹੈ ।
ਸੁਖੀ ਵੱਸਦੇ ਘਰੇ ਦੇ ਵਿਚ ਜਿਸਨੇ,
ਭੜਥੂ ਕਹਿਰ ਦਾ ਚੱਕ ਮਚਾਇਆ ਹੈ ।੪੭।

ਗਈ ਭੈਣ ਦੇ ਪਾਸ ਅਸੀਸ ਦੇਂਦੀ,
ਹੋਵੇਂ ਬੁੱਢ ਸੁਹਾਗਣੀ ਪਯਾਰੀਏ ਨੀ ।
ਚੰਦ ਤਾਰਿਆਂ ਵਾਂਗ ਪਰਵਾਰ ਹੋਵੀ,
ਦੌਲਤ ਮਾਲ ਦਾ ਵਾਰ ਨਾ ਪਾਰੀਏ ਨੀ ।
ਤੇਰੇ ਨਾਲ ਹਾਂ ਕਰਨ ਵਿਚਾਰ ਆਈ,
ਸ਼ੋਕ ਮਾਪਿਆਂ ਕਿਵੇਂ ਨਿਵਾਰੀਏ ਨੀ ।
ਜਿਨ੍ਹਾਂ ਜਨਮ ਦੇ ਪਾਲਿਆਂ, ਦਾਜ ਦਿੱਤੇ,
ਕੰਮ ਉਨ੍ਹਾਂ ਦਾ ਕਿਵੇਂ ਸਵਾਰੀਏ ਨੀ ।੪੮।

**ਛੋਟੀ ਭੈਣ—**

ਮੇਰੀ ਮਾਂ ਥਣੀਕ ਤੂੰ ਹੈਂ, ਭੈਣ ਵੱਡੀ,
ਤੁਰਕੇ ਆਪ ਮੇਰੇ ਤੂੰ ਹੈਂ, ਪਾਸ ਆਈ।
ਵੱਡਾ ਭਾਰ ਚੜ੍ਹਾਇਆ ਈ ਸਿਰੇ ਮੇਰੇ।
ਖੇਚਲ ਇਹ ਨਾ ਮੁੱਝ ਨੂੰ ਰਾਸ ਆਈ।
ਕਰੋ ਹੁਕਮ ਮੈਂ ਭੈਣ ਜੀ ਸਦਾ ਹਾਜ਼ਰ,
ਨਾਬਰ ਕਦੀ ਨਾ, ਤੁੱਧ ਦੀ ਦਾਸ ਆਈ।
ਸਾਥੋਂ ਮਾਪਿਆਂ ਤਾਂਈਂ ਜੋ ਸੁਖ ਪਹੁੰਚੇ,
ਚੰਗੀ ਏਸ ਤੋਂ ਹੋਰ ਕੀ ਆਸ ਆਈ।੪੯।

**ਵੱਡੀ ਭੈਣ—**

ਭਾਬੀ ਅਸਾਂ ਦੀ ਉੱਚ ਘਰਾਣਿਓਂ ਹੈ,
ਧੀ ਸਾਊਆਂ ਮਾਪਿਆਂ ਸੰਦੜੀ ਹੈ।
ਮਾਨ ਹਨ ਦਾ ਕੁਝ ਪਿਆਰ ਰਖਦੀ,
ਹੋਰ ਕਿਸੇ ਗੱਲੇ ਨਾਹੀ ਮੰਦੜੀ ਹੈ।
ਤੀਰੀ ਲੇਖ ਉਸ ਸੱਸ ਤੇ ਕੰਤ ਕਰਦੇ,
ਮਾਰੀ ਗਈ ਬਿਦੇਸ ਉਹ ਬੰਦੜੀ ਹੈ।
ਗੁੰਝਲ ਇਕ ਬਿਸਮਝੀ ਦਾ ਪਿਆ ਭੈਣੇ,
ਤਾਣੀ ਵਿਗੜੀ, ਨਾ ਇਕ ਹੀ ਤੰਦੜੀ ਹੈ।੫੦।

**ਛੋਟੀ ਭੈਣ—**

ਤਾਣੀ ਸੱਚ ਤੂੰ ਆਖਦੀ ਵਿਗੜ ਚੱਲੀ,
ਐਪਰ ਦੋਸ਼ ਨਾਂ ਮਾਂਉਂ ਤੇ ਵੀਰ ਦਾ ਹੈ।
ਬਾਰਾਂ ਤਾਲਣ ਹੈ ਭਾਬੀ ਵਿਗਾੜ ਕਰਦੀ,
ਮੰਨਦੀ ਖ਼ੌਫ਼ ਨਾ ਗੁਰੂ ਤੇ ਪੀਰ ਦਾ ਹੈ।
ਕਹਿਰ ਓਸ ਤੇ ਕਿਸੇ ਨਾਂ ਮੂਲ ਕੀਤਾ,
ਨਾਈ ਗੰਦੇ ਹੀ ਫੋੜੇ ਨੂੰ ਚੀਰਦਾ ਹੈ।
ਪ੍ਰਾਈ ਜਾਈ ਦੀ ਰਈ ਕਿਉਂ ਪਈ ਭੈਣੇ,
ਸਾਕ ਲਹੂ ਦਾ ਨਹੀਂ ਨਾ ਸ਼ੀਰ ਦਾ* ਹੈ।੫੧।

---

*ਦੁੱਧ ਦਾ।

**ਵੱਡੀ ਭੈਣ—**

ਪ੍ਰਾਈ ਜਾਈ ਓ ਠੀਕ ਹੈ ਅਸਾਂ ਅੰਦਰ,
ਕਿਤੇ ਅਸੀਂ ਪਰਾਈਆਂ ਜਾਈਆਂ ਹਾਂ।
ਸਹੁਰੇ ਘਰੀਂ ਨਾ ਜੰਮੀਆਂ ਦੁੱਧ ਚੁੰਘੇ,
ਪੇਕੇ ਘਰੋਂ ਪਰਨਾਈਆਂ ਆਈਆਂ ਹਾਂ।
ਅੱਗੋਂ ਜਾਈਆਂ ਨੂੰ ਧੱਕ ਕੇ ਤੋਰਿਆ ਹੈ,
ਮਾਲਕ ਅਸੀਂ ਹੁਣ ਪ੍ਰਾਈਆਂ ਜਾਈਆਂ ਹਾਂ।
ਜਿੱਕੁਰ ਅਸੀਂ ਨਿਨਾਣਾਂ ਹਾਂ ਕਿਸੇ ਥਾਂ ਤੇ,
ਤਿਵੇਂ ਅਸੀਂ ਬੀ ਕਿਤੇ ਭਰਜਾਈਆਂ ਹਾਂ।੫੨।

ਤੇਰੀ ਕਰੇ ਨਿਨਾਣ ਸਲੂਕ ਓਹੋ,
ਜਿਹੜਾ ਕਰੇਂ ਤੂੰ ਨਾਲ ਭਰਜਾਈਆਂ ਦੇ।
ਚੰਗਾ ਲੱਗੀ, ਤੇ ਰਹੇਂ ਖੁਸ਼ਾਲ ਭੈਣੇ!
ਪੁੱਛਾਂ ਅਰਥ ਪਰਾਈਆਂ ਜਾਈਆਂ ਦੇ।
ਘਰ ਜਾਈਆਂ ਨਿਨਾਣਾਂ ਨੂੰ ਘੂਰਦੀ ਹੈਂ।
ਸਾਹ ਖਿੱਚ ਰਖੇਂ ਭਰਜਾਈਆਂ ਦੇ।
ਦੋਹੀਂ ਦਾਈਂ ਤਲਵਾਰ ਤੂੰ ਮਾਰਦੀ ਹੈਂ,
ਏਹ ਨਯਾਉਂ ਹਨ ਤੁਧ ਨਿਆਈਆਂ ਦੇ ? ।੫੩।

**ਛੋਟੀ ਭੈਣ—**

ਵੱਢੀ ਖਾਧੀਆ ਭਾਬੀ ਦੇ ਪੇਕਿਆਂ ਤੋਂ,
ਕਿਤੇ ਪਟਾ ਵਕੀਲੀ ਦਾ ਖ੍ਰੀਦਿਆ ਈ।
ਮੈਂ ਕੀ ਭਾਬੀ ਦੇ ਨਾਲ ਹੈ ਪਹਿਲ ਕੀਤੀ,
ਪੱਟੂ ਵਾਂਙ ਆ ਮੁਝ ਮਲੀਦਿਆ ਈ ?
ਮੋਮੋ ਠਗਣੀ ਭਾਬੀ ਮਸਾਣ ਪਾਏ,
ਤੈਨੂੰ ਭੇਡੂ ਬਣਾ ਕੇ ਸੀਧਿਆ ਈ।
ਮਾਂਉਂ ਵੀਰ ਤੇ ਭੈਣ ਨੂੰ ਦੋਸ਼ ਦੇਵੇਂ,
ਪੱਖ ਓਸਦਾ, ਭੈਣ ! ਖਰੀਦਿਆ ਈ।੫੪।

**ਵੱਡੀ ਭੈਣ—**

ਤੇਰੇ ਬੋਲ ਕੁਬੋਲ ਸਹਾਰਦੀ ਹਾਂ;
ਛੋਟੀ ਜਾਣਕੇ ਮੱਤ ਮੈਂ ਦੇਂਵਦੀ ਹਾਂ।
ਤੇਰੀ ਚਿਣਗ ਨੇ ਅੱਗ ਬਰੂਤ ਲਾਈ.
ਠੰਢੇ ਕਰਨ ਤੇ ਤਰਲੜੇ ਲੇਂਵਦੀ ਹਾਂ।
ਪੇਕੀ ਬੇੜੀ ਆ ਘੇਰੇ ਵਿਚ ਘੱਤੀਆ ਤੂੰ,
ਚੱਪੇ ਲਾਇਕੇ ਬਾਹਰ ਨੂੰ ਖੇਂਵਦੀ ਹਾਂ।
ਫਿੱਕ ਪਾਉਣੇ ਧੀਆਂ ਦਾ ਧਰਮ ਨਹੀਂ,
ਸੁੱਕੇ ਦਿਲਾਂ ਨੂੰ ਫੇਰ ਮੈਂ ਭੇਂਵਦੀ ਹਾਂ।੫੫।

**ਛੋਟੀ ਭੈਣ—**

ਚੰਦ ਵੀਰ ਨੂੰ ਲਗੀ ਕਲੰਕ ਭਾਬੀ,
ਇਸ ਨੂੰ ਧੋਇਕੇ ਪਾਰ ਬੁਲਾਈਏ ਨੀ!
ਕੋਈ ਰੋਹਿਣੀ ਅਪੱਛਰਾਂ ਢੂੰਡ ਲਈਏ,
ਸਿਹਰੇ ਬੰਨ੍ਹਕੇ ਵੀਰ ਪਰਨਾਈਏ ਨੀ!
ਲੈਕ ਵੀਰ ਨੂੰ ਲੈਕ ਹੀ ਨਾਰ ਦੇਈਏ,
ਨੌਂਹ ਮਾਂਉਂ ਦੇ ਲੈਕ ਦੀ ਲਯਾਈਏ ਨੀ!
ਐਉਂ ਪੇਕਿਆਂ ਦਾ ਦੁਖ ਦੂਰ ਕਰੀਏ,
ਤੇਰਾ ਆਖਿਆ ਭੈਣ ਕਮਾਈਏ ਨੀ!੫੬।

**ਵੱਡੀ ਭੈਣ—**

ਕੈਂਚੀ ਜੀਭ ਹੈ ਸਾਣ ਤੇ ਚੜ੍ਹੀ ਚੰਗੀ,
ਲਤਰ ਲਤਰ ਇਹ ਕਤਰਦੀ ਜਾਂਵਦੀ ਹੈ।
ਦਇਆ, ਧਰਮ, ਨਿਆਂ ਇਨ ਜੜ੍ਹੋਂ ਵੱਢੇ,
ਢੇਰ ਲੀਰਾਂ ਦੇ ਲਾਂਵਦੀ ਜਾਂਵਦੀ ਹੈ।
ਸੌਂਕਣ ਭਾਬੀ ਤੇ ਪਾਉਣੀ ਲੋੜਦੀ ਹੈਂ,
ਕਿਹੜੇ ਪਾਪ ਦਾ ਭੋਗ ਭੁਗਾਂਵਦੀ ਹੈਂ?
ਤੇਰੀ ਨਣਦ ਜੇ ਕਰੇ ਤੈਂ ਨਾਲ ਏਹੋ,
ਦੱਸ ਫੇਰ ਕੀ ਖੁਸ਼ੀ ਮਨਾਂਵਦੀ ਹੈਂ?੫੭।

**ਛੋਟੀ ਭੈਣ—**

ਭਾਬੀ ਔਗੁਣਾਂ ਦਾ ਹਈ ਕੋਟ ਭੈਣੇ,
ਬੱਜ ਮਾਪਿਆਂ ਭੋਲਿਆਂ ਲੱਗਿਆ ਹੈ।
ਭਾਬੀ ਬਾਉਲੀ ਹੋਈ, ਬਲਾ ਉਤੋਂ,
ਬੁੱਲਾ ਵਾਉ ਦਾ ਤੁੱਧ ਕੀ ਵੱਗਿਆ ਹੈ।
ਡੰਗੀ ਸੱਪ ਦੀ ਉਂਗਲੀ ਵੱਢ ਦੇਈਏ,
ਏਹ ਪੁੰਨ ਹੈ, ਨਹੀਂ ਅਵੱਗਿਆ ਹੈ।
ਕੁਤਾ ਪਾਲਤੂ ਹਲਕ ਜੇ ਜਾਇ ਭੈਣੇ,
ਕਿਸਨੇ ਮਾਰ ਨਾ ਓਸ ਨੂੰ ਖੱਗਿਆ ਹੈ ?੫੮।

**ਵੱਡੀ ਭੈਣ—**

ਕਰ ਹੰਕਾਰ ਨਾ ਐਡੜਾ, ਤੁਰੀਂ ਨੀਵੀਂ,
ਡਰੀਂ ਰੱਬ ਤੋਂ ਅਤਿ ਨਾ ਭਾਂਵਦੀ ਸੂ।
ਬੱਦਲ ਸਾਰਖੇ ਵਰ੍ਹਣ ਤਾਂ ਹੋਣ ਨੀਵੇਂ,
ਫਿੱਟ ਜਾਏ ਜਿਹੜੇ ਬਿਪਦਾ ਆਉਂਦੀ ਸੂ।
ਅਪਣੇ ਜਿਹੀ ਨਿਰਦੋਸ਼ ਸੁਜਾਨ ਭਾਬੀ,
ਇਕ ਅਣਖ ਹੀ ਅਤਿ ਦੀ ਖਾਉਂਦੀ ਸੂ।
ਸੁੱਚਾ ਰਤਨ ਹੈ ਹੋਰ ਤਾਂ ਸਭਸ ਗੱਲੇ,
ਬੋਲੀ ਰਤਾ ਬੀ ਰਿਦਾ ਖਾ ਜਾਂਵਦੀ ਸੂ।੫੯।

ਐਪਰ ਦੋਸ਼ ਨ ਤੇਰੜਾ ਬਹੁਤ ਭੈਣੇ,
ਦਗਾ ਨਾਲ ਮੇਰੇ ਮੂਲ ਖੇਡ ਨਾਹੀਂ।
ਤੇਰੇ ਜਹੀ ਨੂੰ ਨੱਥ ਮੈਂ ਪਾਇ ਰੱਖਾਂ,
ਭੁੱਲੀ ਹੋਈ ਮੈਂ ਕਿਤੋਂ ਦੀ ਭੇਡ ਨਾਹੀਂ।
ਲੂਤੀ ਲਾਉਂਣੀ ਬਹੁਤ ਤੂੰ ਜਾਣਦੀ ਹੈਂ,
ਚੁਗਲੀ-ਵੱਟ ਡਿੱਠਾ ਤੇਰੇ ਜੇਡ ਨਾਹੀਂ।
ਝੁੱਗਾ ਪੱਟਿਆ ਮਾਪਿਆਂ ਭੋਲਿਆਂ ਦਾ,
ਦੇ ਮੈਨੂੰ ਵੀ ਪੁੱਠੜੇ ਗੇੜ ਨਾਹੀਂ।੬੦।

ਨੈਣ ਸਿਆਪੇ ਦੀ ਵਾਂਗ ਨਿਨਾਣ ਪੇਕੇ,
ਮਾਂ ਭਾਬੀ ਨੂੰ ਸਦਾ ਪਿਟਾਂਵਦੀ ਹੈ।
ਅੱਖ ਆਪਣੀ ਕਦੇ ਨ ਭਿਜਦੀ ਹੈ,
ਵਾਂਗ ਫੁਹਾਰਿਆਂ ਦੋਹਾਂ ਰੁਆਂਵਦੀ ਹੈ।
ਚੁੱਕ ਚੁੱਕ ਕੇ ਮਾਂਉਂ ਨੂੰ ਦੁੱਖੀ ਕਰਦੀ,
ਕਹਿਰ ਭਾਬੀ ਦੇ ਸਿਰੇ ਲਿਆਂਵਦੀ ਹੈ।
ਦੋਵੇਂ ਪਿਟਦੀਆਂ ਲੜਦੀਆਂ ਖੋਹਣ ਝਾਟਾ,
ਨਣਦ ਫੇਰ ਅਲੇਪ ਰਹਾਂਵਦੀ ਹੈ।੬੧।

ਚੁਗਲੀ ਭਾਬੀ ਦੀ ਮਾਂਉਂ ਦੇ ਪਾਸ ਕਰਦੀ,
ਫੇਰ ਵੀਰ ਨੂੰ ਸਦਾ ਭੜਕਾਂਵਦੀ ਹੈ।
ਪਿਉ ਦੇ ਪਾਸ ਹੈ ਨੋਂਹ ਨੂੰ ਸਦਾ ਨਿੰਦੇ,
ਪਾਟਕ ਵਿੱਚ ਸ਼ਰੀਕਿਆਂ ਪਾਂਵਦੀ ਹੈ।
ਸਹੁਰੇ ਜਾਏ ਤਾਂ ਕੁੜ ਠੰਢਾਰ ਹੋਵੇ,
ਸੁੱਤੀ ਅੱਗ ਫਿਰ ਆਨ ਜਗਾਂਵਦੀ ਹੈ।
ਮੂਰਖ ਮੱਤ ਦੇ ਨਾਲ ਇਉਂ ਪੇਕਿਆਂ ਨੂੰ,
ਗਿੱਲੀ ਚਿਖਾ ਤੇ ਚਾੜ੍ਹ ਤਪਾਂਵਦੀ ਹੈ।੬੨।

ਏਸ ਕਾਰਨੇ ਨਣਦ ਦਾ ਨਾਉਂ ਭੈੜਾ,
ਹਊਏ ਵਾਂਙ ਇਹ ਭਾਬੀਆਂ ਖਾਂਵਦਾ ਹੈ।
ਕਿਸੇ ਥਾਂਉਂ ਜੇ ਕਹੋ ਨਿਨਾਣ ਚੰਗੀ,
ਦਿਲ ਕੋਈ ਯਕੀਨ ਨਾ ਲਿਆਂਵਦਾ ਹੈ।
ਤੇਰੇ ਜਿਹੀਆਂ ਨਿਨਾਣ ਦੀ ਆਬ ਮਾਰੀ,
ਸਾਕ ਨਣਦ ਦਾ ਬੁਰਾ ਅਖਾਂਵਦਾ ਹੈ!
ਪਿਛੋਂ ਮਾਪਿਆਂ ਦੇ ਨਣਦ ਹੋਸ਼ ਕਰਦੀ,
ਪਾਸਾ ਜਦੋਂ ਸਾਰਾ ਉਲਟ ਜਾਂਵਦਾ ਹੈ।੬੩।

ਭਾਬੀ ਸ਼ੇਰ ਹੋ ਕੰਤ ਨੂੰ ਵੱਸ ਕਰਦੀ,
ਤਦੋਂ ਭੈਣ ਨੂੰ ਨੇੜੇ ਨ ਆਣ ਦੇਵੇ।
ਕੈਸਾ ਸਾਕ ਪਵਿਤ ਹੈ ਵੀਰ ਭੈਣਾਂ,

ਭਾਬੀ ਚਾੜ੍ਹ ਉਹਨੂੰ ਉਤੇ ਸਾਣ ਦੇਵੇ ।
ਜੀਉਂਦੇ ਵੀਰ ਦੇ ਨਾਲ ਵਿਜੋਗ ਹੋਵੇ,
ਤਦੋਂ ਨਣਦ ਦੀ ਸੋਹਣੀ ਹਾਣ ਹੋਵੇ ।
ਮਾਣ ਟੁੱਟ ਜਾਵੇ, ਹੌਲੀ ਕੱਖ ਹੋਵੇ,
ਤਦ ਵੀ ਦੂਰ ਨਾ ਏਸ ਦੀ ਬਾਣ ਹੋਵੇ ।੬੪।

ਵਰਤਣ ਰਹੇ ਸ਼ਰੀਕ ਜਿਉਂ ਭੈਣ ਭਾਈਆਂ,
ਵਿਚੋਂ ਪਯਾਰ ਦੀ ਮੁਸ਼ਕ ਉਡੰਤ ਹੋਵੇ ।
ਤਦੋਂ ਸਵਾਦ ਆਵੇ ਇਨ੍ਹਾਂ ਕਰਨੀਆਂ ਦਾ,
ਕਿਸੇ ਗੱਲ ਤੇ ਰਿੰਜ ਜੇ ਕੰਤ ਹੋਵੇ ।
ਮਾਣ ਮਿਲੇ ਨਾ ਭਬੀਓਂ ਵੀਰ ਕੋਲੋਂ,
ਓਦੋਂ ਨਣਦ ਦਾ ਰਿਦਾ ਦੁਖਯੰਤ ਹੋਵੇ ।
ਗੁਡੀ ਵਾਂਗ ਕਨਿਆਉਂਦੀ ਜਾਇ ਡਿਗਦੀ,
ਕਿਸੇ ਤਰ੍ਹਾਂ ਨਾਂ ਰਿਦਾ ਸੁਖਯੰਤ ਹੋਵੇ ।੬੫।

**ਛੋਟੀ ਭੈਣ—**

ਮੈਨੂੰ ਦੇਂ ਮੇਹਣੇ ਆਪ ਬਣੇਂ ਚੰਗੀ,
ਤੂੰ ਭੀ ਨਣਦ ਹੈਂ, ਨਹੀਂ ਹੈਂ ਮਾਂਉਂ ਉਸਦੀ ।
ਮੇਹਣੇ ਮੁਝ ਨੂੰ ਦੇਂ ਓ ਘਟਣ ਤੈਂ ਪੁਰ,
ਖੁੱਸਣ ਐਕੁਰਾਂ ਭੈਣ ਨਾ ਕੁੱਝ ਖੁਸਦੀ ।
ਭਾਬੀ ਨਾਲ ਜੋੜੇਂ ਕਰੇਂ ਵੈਰ ਭੈਣਾਂ,
ਅੰਬ ਵੱਢਕੇ ਅੱਕ ਤੇ ਤੂੰ ਤੁਸਦੀ ।
ਜੱਫੀ ਅੱਗ ਨੂੰ ਪਾਂਵਦੀ ਪਯਾਰ ਕਰਕੇ,
ਦੁਧ ਵੇਖ ਤਲੀਸਦੀ ਜਾਇ ਲੁਸਦੀ ।੬੬।

ਬੁਰਾ ਮੰਗਿਆ ਮਾਪਿਆਂ ਜੀਉਂਦਿਆਂ ਦਾ,
ਸਰਵਣ ਧੀ ਅਨੋਖੜੀ ਤੂੰ ਜੰਮੀ ।
ਮੈਨੂੰ ਪੇਕਿਆਂ ਨਾਲ ਸੰਸਾਰ ਵੱਸੇ,
ਤੈਨੂੰ ਲੋੜ ਕੀ ? ਭਾਬੀ ਬਣਾ ਅੰਮੀ !

ਹੱਡ ਵੈਰ ਨਾ ਮੁੱਝ ਨੂੰ ਨਾਲ ਭਾਬੀ,
ਕੌੜੀ ਬਣੀ ਭਾਬੀ ਆਪਣੇ ਆਪ ਕੰਮੀ ।
ਤੂੰਮੇ ਤਈਂ ਤੂੰ ਖੰਡ ਦੀ ਪੁੱਠ ਦੇਵੇਂ,
ਫਿੱਟੇ ਦੁੱਧ ਦੀ ਦਹੀਂ ਨਾ ਕਦੇ ਜੰਮੀ ।੬੭।

**ਵੱਡੀ ਭੈਣ—**

ਵੱਡੀ ਨਣਦ ਤੇਰੀ ਸੁਰਗਵਾਸ ਹੋਈ,
ਦੱਸ ਓਸ ਕੋਲੋਂ ਕਾਹਨੂੰ ਰੋਂਵਦੀ ਸੈਂ ।
ਭਾਣੇ ਓਸਦੇ ਤੁੰਮਾਂ ਕਿ ਦੁੱਧ ਫਿੱਟਾ,
ਏਹੋ ਕੁਝ ਕਿ ਹੋਰ ਕੁਝ ਹੋਂਵਦੀ ਸੈਂ ।
ਜਿਵੇਂ ਭਾਬੀ ਸੈਂ ਓਸ ਨਿਨਾਣ ਸੰਦੀ,
ਆਪ ਜਿਵੇਂ ਓਦੋਂ ਸੁਖ ਸੌਂਵਦੀ ਸੈਂ ।
ਤਿਵੇਂ ਸਮਝ ਹੁਣ ਆਪਣੀ ਥਾਂਉਂ ਭਾਬੀ,
ਉਹ ਹੁਣ ਹਈ ਓਹੋ ਜੋ ਤੂੰ ਹੋਂਵਦੀ ਸੈਂ ।੬੮।

**ਛੋਟੀ ਭੈਣ—**

ਭੈਣਾਂ ਨਾਲ ਨਾ ਕਹਿਰ ਕਮਾ ਭੈਣੇ,
ਸਾਕ ਦੁੱਧ ਤੇ ਲਹੂ ਦੇ ਤੋੜ ਨਾਹੀਂ ।
ਭਾਬੀ ਵਾਰ ਕੇ ਤਲੀ ਤੋਂ ਗਲੀ ਮਾਰੀਂ,
ਭੈਣ ਸਕੀ ਦਾ ਆਖਿਆ ਮੋੜ ਨਾਹੀਂ ।
ਅੰਬ ਵੱਢ ਨਾ ਅੱਕ ਨੂੰ ਵਾੜ ਦੇਈਂ,
ਭੰਨ ਮੋਤੀਆਂ ਥੋਹਰ ਨੂੰ ਜੋੜ ਨਾਹੀਂ ।
ਜੇ ਨਾਂ ਮੁੜੇਂ ਨਾਂ ਮੁੜਾਂਗੀ ਹਠੋਂ ਮੈਂ ਭੀ,
ਵਿਗੜੀ ਭੈਣ ਦੀ ਰੱਖਦੀ ਲੋੜ ਨਾਹੀਂ ।੬੯।

**ਵੱਡੀ ਭੈਣ—**

ਚਬੜ ਚਬੜ ਨਾ ਕਰੀਂ ਸੰਭਾਲ ਬੋਲੀਂ,
ਧੱਪੇ ਮਾਰ ਹੁਣ ਸਿਧਿਆਂ ਕਰੂੰਗੀ ਮੈਂ ।

ਛੋਟੀ ਭੈਣ ਤੂੰ ਮਾਰਨਾ ਹੱਕ ਮੇਰਾ,
ਵਾਂਗ ਤੱਕਲੇ ਸੇਧ ਹੁਣ ਲਵੂੰਗੀ ਮੈਂ।
ਸਿੱਧਾ ਦੁੱਧ ਦੇ ਨਾਲ ਨਾ ਸੱਪ ਹੋਵੇ,
ਛੰਡ ਫੂਕ ਕੇ ਢਿੱਲਿਆਂ ਕਰੂੰਗੀ ਮੈਂ।
ਵਿੰਗ ਵਿੱਲ੍ਹ ਦੇ ਨਾਲ ਜੇ ਨਾ ਨਿਕਲਣ,
ਤਾਉ ਅੱਗ ਦੇ ਨਾਲ ਕੱਢ ਲਵੂੰਗੀ ਮੈਂ।੭੦।

ਮੌਤ ਗੱਜਦੀ ਅਸਾਂ ਦੇ ਸਿਰੇ ਭੈਣੇਂ!
ਕਿਹੜੇ ਜੀਵਣੇ ਦਾ ਮਾਨ ਧਾਰਨੀ ਹੈਂ?
ਜੋਬਨ ਤਾਂਈਂ ਬੁਢਾਪੜੇ ਨਿਗਲ ਲੈਣਾ, !
ਕਿਹੜੇ ਦਿਨਾਂ ਤੇ ਹੈਂਕੜਾਂ ਸਾੜਨੀ ਹੈਂ?
ਦੌਲਤ ਕਾਗ ਬਨੇਰੇ ਦਾ ਜਾਣ ਭੈਣੇ!
ਕਿਹੜੇ ਮਿਲਖ ਤੇ ਐਡ ਹੰਕਾਰਨੀ ਹੈਂ?
ਭਰੀਆਂ ਬੰਨ੍ਹਦੀ ਹੈਂ ਕਿਹੜੀ ਗਲ ਉੱਤੇ!
ਕੇਹੜੇ ਤਾਣ ਤੇ ਐਡ ਫੁੰਕਾਰਨੀ ਹੈਂ?੭੧।

ਭੁੰਨੇ ਵਾਂਗ ਕਬਾਬ ਦੇ ਹਿਰਦਿਆਂ ਨੂੰ,
ਸੀਖ ਚਾੜ੍ਹਕੇ ਅਗਨ ਭਿਖਾਵਨੀ ਹੈਂ।
ਮੋਏ ਮਾਸ ਨੂੰ ਭੁੰਨਦਾ ਜਗਤ ਸਾਰਾ,
ਜੀਉਂਦਾ ਮਾਸ ਤੂੰ ਭੁੰਨ ਦਿਖਾਵਨੀ ਹੈਂ।
ਮੋਏ ਮਾਸ ਦੇ ਖਾਧਿਆਂ ਰੱਜ ਆਵੇ,
ਏਸ ਮਾਸ ਤੋਂ ਰੱਜ ਕੀ ਪਾਵਨੀਂ ਹੈਂ?
ਹਿਰਦਾ ਰੱਬ ਦੇ ਰਹਿਣ ਦਾ ਮਹਿਲ ਭੈਣੇ,
ਓਸ ਮਹਲ ਨੂੰ ਅੱਗ ਲਗਾਵਨੀਂ ਹੈਂ।੭੨।

ਸੁਖ ਦੱਸ ਖਾਂ ਵਰਤਸੀ ਕਿਵੇਂ ਤੈਂ ਪੁਰ,
ਸਿਰਜਣਹਾਰ ਦੇ ਮਹਿਲ ਨੂੰ ਤੋੜਨੀ ਹੈਂ।
ਨਾਹਰੀ ਹੋਇਕੇ ਸਾਮ੍ਹਣਾ ਕਰੇਂ ਓਹਦਾ,
ਓਹਦੀ ਆਗਿਆ ਕੜਕ ਕੇ ਮੋੜਨੀਂ ਹੈਂ।

ਬੇਰਾਂ ਡੁਲ੍ਹਿਆਂ ਦਾ ਗਿਆ ਅਜੇ ਕੁਝ ਨਾ,
ਸੰਭਲ ਜਾਹੁ ਜੇ ਭਲੇ ਨੂੰ ਲੋੜਨੀਂ ਹੈਂ।
ਮਾਣਕ ਮਨਾਂ ਨੂੰ ਠਾਹੁਣਾ ਛੱਡ ਛੇਤੀ,
ਨਹੀਂ ਤਾਂ ਆਪਣੀ ਨਾਉਕਾ ਬੋੜਨੀਂ ਹੈਂ।੭੩।

**ਛੋਟੀ ਭੈਣ—**

ਭੈਣ ਵੱਡੀਏ ਅਦਬ ਦੀ ਥਾਂਉਂ ਮਾਏ,
ਮੇਰਾ ਭੁੰਨ ਕਲੇਜੜਾ ਘੱਤਿਆ ਈ।
ਮਾਰ ਬੋਲੀਆਂ ਦਾਬਿਆਂ ਨਾਲ ਧੌਂਸਾਂ,
ਪੁੱਠੇ ਗੇੜ ਦਾ ਸੂਤ ਏ ਕੱਤਿਆ ਈ।
ਮੱਤ ਰਬ ਦੀ ਸੂਰਤ ਕਰਾ ਮੈਨੂੰ,
ਮੇਰੀ ਖਿੱਚ ਲੀਤੀ ਸਾਰੀ ਸੱਤਿਆ ਈ।
ਮੇਰੇ ਰਿਦੇ ਨੂੰ ਠਾਹਯਾ ਈ ਵਾਂਙ ਬੀਆਂ,
ਆਪੇ ਕਹੀ, ਏ ਕੀੜੀ ਤੂੰ ਹੱਤਿਆ ਈ।੭੪।

**ਵੱਡੀ ਭੈਣ—**

ਏ ਨਾ ਹੱਤਿਆ, ਹਿਤ ਹੈ ਅੱਤ ਦਾ ਨੀਂ,
ਹਿਰਦੇ ਮਹਿਲਾਂ ਤੋਂ ਚੋਰਾਂ ਨੂੰ ਕੱਢਣਾ ਏਂ।
ਸੋਟੇ ਡਾਂਗ ਤਲਵਾਰ ਦੇ ਨਾਲ ਦੁਸ਼ਟਾਂ;
ਜਿਵੇਂ ਔਣ ਕਾਬੂ ਮਾਰ ਵੱਢਣਾ ਏਂ।
ਵਿੰਗੀ ਸੀਖ ਹੋਵੇ ਸਿੱਧੀ ਨਾਲ ਸੱਟਾਂ,
ਤਿਵੇਂ ਰਿਦੇ ਤੇਰੇ ਤਾਂਈਂ ਚੰਡਣਾ ਏਂ।
ਅਜੇ ਸਮਝ ਤੇ ਲੱਗ ਜਾ ਕਹੇ ਮੇਰੇ,
ਅੰਤ ਜਗਤ ਨੂੰ ਭੈਣ ਜੀ ਛੱਡਣਾ ਏਂ।੭੫।

**ਛੋਟੀ ਭੈਣ—**

ਹਾਰੀ ਹਾਰੀਆਂ, ਭੁੱਲੀਆਂ ਬਖਸ਼ ਭੈਣੇ,
ਜੋ ਕੁਝ ਕਹੇਂਗੀ ਕਰਾਂਗੀ ਕਹੇ ਤੇਰੇ।


www.sikhbookclub.com

ਚੁਗਲੀ ਅਜ ਤੋਂ ਭਾਬੀ ਦੀ ਤਯਾਗ ਦਿਤੀ,
ਅੱਗੇ ਭਾਗ ਭਾਬੀ ਨਾਲ ਰਹੇ ਮੇਰੇ।
ਪੇਕੇ ਆਉਣਾ ਕਰਾਂਗੀ ਘੱਟ ਭੈਣੇ;
ਕਰੜੇ ਕਰਾਂਗੀ ਪੱਥਰਾਂ ਜਿਹੇ ਜੇਰੇ।
ਵਾਹ ਲੱਗਿਆਂ ਕਦੀ ਨਾ ਪੈਰ ਪਾਵਾਂ,
ਜੋਗੀ ਵਾਲੜੇ ਹੋਣਗੇ ਅਸਾਂ ਫੇਰੇ।੭੬।

ਕਰਕੇ ਭੈਣ ਨੂੰ ਬਹੁਤ ਪਿਆਰ ਸਯਾਣੀ,
ਉਠ ਪਿਤਾ ਦੇ ਕੋਲ ਫਿਰ ਜਾਂਵਦੀ ਏ।
ਦਿਲੋਂ ਸੋਚਦੀ :-ਕਹਾਂ ਕੀ ਵਡਿਆਂ ਨੂੰ,
ਸ਼ਰਮ ਅੱਤ ਦੀ ਰਿਦੇ ਨੂੰ ਆਂਵਦੀ ਏ।
ਚੁਗਲੀ ਕਰਾਂ ਕੀ ਮਾਂਉਂ ਦੀ ਧੀ ਹੋਕੇ,
ਪਿਤਾ ਨਾਲ ਝਗੜਾਂ ? ਸੰਗ ਖਾਂਵਦੀ ਏ।
ਰੱਬ ਸਦਾ ਕ੍ਰਿਪਾਲ ਤੂੰ ਮੱਤ ਦੇਵੀਂ,
ਮੇਰੀ ਹੋਸ਼ ਧੋਖਾ ਖਾਈ ਜਾਂਵਦੀ ਏ।੭੭।

ਲੈਂਦੀ ਤਾਰੀਆਂ ਵਿਚ ਵਿਚਾਰ ਐਕੁਰ;
ਪਹੁੰਚੀ ਜਾਇ, ਤੇ ਸੀਸ ਨਿਵਾਂਵਦੀ ਏ।
ਅਗੋਂ ਪਿਤਾ ਨੇ ਚੱਕ ਕੇ ਸੀਸ ਲਾਇਆ।
ਛਾਤੀ ਨਾਲ ਤੇ ਫਤਹ ਗਜਾਂਵਦੀ ਏ।
ਸੁਣਕੇ ਫਤਹ ਪ੍ਰਸੰਨ ਹੋ ਪਯਾਰ ਦਿੱਤਾ,
ਕਹਿੰਦੇ : ਧੀ ਸਾਡੀ ਕਿਥੋਂ ਆਂਵਦੀ ਏ ?
ਕੋਈ ਸੁਖ ਸੁਨੇਹੜਾ ਬਾਤ ਚੰਗੀ,
ਕੋਈ ਦੁਖ ਦੀ ਕਥਾ ਲਿਆਂਵਦੀ ਏ ?੭੮।

ਹਥ ਜੋੜਕੇ ਆਖਦੀ:- ਪਿਤਾ ਪਯਾਰੇ।
ਮਾਣ ਬੱਚਿਆਂ ਦਾ ਤੁਸੀਂ ਸਦਾ ਜੀਵੋ,
ਬੈਠੇ ਸਿਰੇ ਤੇ ਓਟ ਹੋ ਪਰਬ ਭਾਰਾ,
ਸਾਡਾ ਆਸਰਾ ਸਦਾ ਹੀ ਖੁਸ਼ੀ ਥੀਵੋ।


www.sikhbookclub.com

ਜਿੱਕੁਰ ਅਸਾਂ ਤੇ ਮਿਹਰ ਦੀ ਕਰੀ ਬਰਖਾ,
ਅੰਮ੍ਰਿਤ ਸੁਖਾਂ ਦਾ ਸਦਾ ਹੀ ਤੁਸੀਂ ਜੀਵੋ।
ਜਿੱਕੁਰ ਨਾਲ ਭਗਵੰਤ ਦੇ ਡੋਰ ਲਾਈ,
ਸਾਡਾ ਰਿਦਾ ਬੀ ਗੁਰਾਂ ਦੇ ਨਾਲ ਸੀਂਵੋ।੭੯।

ਪਯਾਰੇ ਪਿਤਾ ਜੀ ! ਜਦੋਂ ਤਕਲੀਫ ਪੈਂਦੀ,
ਸਭੇ ਓਟ ਵੰਨੇ ਉਠ ਨੱਸਦੇ ਹਨ।
ਸ਼ਰਨ ਓਟ ਦੀ ਸਭੈ ਹੀ ਨਿਡਰ ਹੁੰਦੇ,
ਓਥੇ ਜਾਇ ਸਾਰੇ ਸੁੱਖੀ ਵੱਸਦੇ ਹਨ।
ਤੀਕਰ ਬਾਲਕੇ ਓਟ ਲੈ ਮਾਪਿਆਂ ਦੀ,
ਲੋੜ ਪਈ ਤੇ ਦੁੱਖ ਆ ਦੱਸਦੇ ਹਨ।
ਦੂਰ ਦੁੱਖ ਨੂੰ ਸੱਟਕੇ, ਸੁਖੀ ਕਰਦੇ
ਸੁੱਖੀ ਵੇਖ ਕੇ ਸਦਾ ਵਿਗੱਸਦੇ ਹਨ।੮੦।

**ਪਿਤਾ—**

ਮੇਰੀ ਅਕਲ ਦਾ ਕੋਟ ਧਰਮੱਗ ਧੀਏ,
ਕੁਲ ਦੀ ਜੋੜ ਕੁਲਵੰਤੀਏ ਪਯਾਰੀਏ ਧੀ !
ਦੁਖ ਕੇਹਾ ਹੈ ਵਰਤਿਆ ਤੁੱਧ ਤਾਈਂ,
ਦਸ ਸਕੇਂ ਤਾਂ ਓਸ ਨਿਵਾਰੀਏ ਧੀ।
ਤੇਰੀ ਬੁੱਧੀ ਚੰਗੀ ਵਰਤਣ ਸਾਫ ਸੋਹਣੀ,
ਤੇਰੀ ਅਕਲ ਤੋਂ ਅਕਲ ਨੂੰ ਵਾਰੀਏ ਧੀ।
ਔਕੜ ਬਣੀ ਕੀ ਤੁੱਧ ਨੂੰ ਤੁੱਧ ਪਾਸੋਂ।
ਹਲ ਨਹੀਂ ਹੋਈ ਗੁਰੂ ਸਵਾਰੀਏ ਧੀ।੮੧।

**ਧੀ—**

ਮੇਰੇ ਪਿਤਾ ਸੁਮੇਰ ਤੋਂ ਬੜੇ ਭਾਰੇ,
ਬੁੱਧੀ ਵਿਚ ਸਮੁੰਦਰੋਂ ਬਹੁਤ ਡੂੰਘੇ।
ਭਾਬੀ ਮਾਂਉਂ ਤੇ ਭੈਣ ਤੇ ਵੀਰ ਅੰਦਰ,

 www.sikhbookclub.com

ਖੋਭ ਸਦਾ ਗੰਦੀ, ਜਿਕਰ ਕਾਉਂ ਠੂੰਗੇ।
ਕੋਈ ਦਏ ਮਿਹਣੇ, ਕੋਈ ਸੜੇ ਅੰਦਰ,
ਕੋਈ ਚੁਪ ਧਾਰੀ ਸਦਾ ਪਿਆ ਉਂਘੇ।
ਬਰਕਤ ਉੱਡਦੀ ਅੰਦਰੋਂ ਅਤੇ ਬਾਹਰੋਂ,
ਜੁਗਤ ਘਰਾਂ ਦੀ ਦਮੇ ਦੇ ਵਾਂਗ ਹੂੰਗੇ।੯੨।

ਪਿਤਾ–

ਸਾਨੂੰ ਖਬਰ ਨਾ ਬੱਚੀਏ ਬਹੁਤ ਰਹਿੰਦੀ।
ਏਨੀ ਬਾਤ ਤੇਰੀ ਮਾਂਉਂ ਆਖਦੀ ਏ।
ਨੂੰਹ ਬੁਰੀ ਹੈ ਸਦਾ ਹੀ ਕਲ੍ਹਾ ਰੱਖੇ,
ਬੁਰੇ ਬਚਨ ਮੂੰਹੋਂ ਸਦਾ ਭਾਖਦੀ ਏ।
ਜੇਕਰ ਮੱਤ ਦੀ ਓਸ ਨੂੰ ਗਲ ਕਹੀਏ,
ਮਿਹਣੇ ਵਾਂਙ ਹਿਰਦੇ ਉਹਦੇ ਗਾਖਦੀ ਏ।
ਗਿੱਲੇ ਕਾਠ ਦੇ ਵਾਂਗ ਹੈ ਸਦਾ ਧੁਖਦੀ,
ਪਾਸ ਬੈਠੇ ਨੂੰ ਨਾਲ ਧੁਆਂਖਦੀ ਏ।੯੩।

ਧੀ–

ਜੇ ਮੈਂ ਕਹਾਂ, ਮਾਂਉਂ ਨੇ ਝੂਠ ਕਹਿਆ,
ਏਸ ਜੀਭ ਨੂੰ ਕੱਟਕੇ ਸੁੱਟ ਪਾਵਾਂ।
ਜੇ ਮੈਂ ਕਹਾਂ, ਇਹ ਸੱਚ ਹੈ ਸੱਚ ਸਾਰਾ,
ਅਪਣੇ ਆਪ ਤੋਂ ਆਪ ਮੈਂ ਸ਼ਰਮ ਖਾਵਾਂ।
ਜੇ ਮੈਂ ਕਹਾਂ ਹੈ ਤੁਸਾਂ ਨੂੰ ਖਬਰ ਨਾਹੀਂ,
ਪਿਤਾ ਰੱਦਣੇ ਦਾ ਪਾਪ ਸੀਸ ਪਾਵਾਂ।
ਜੇ ਮੈਂ ਕਹਾਂ ਮੈਂ ਸੱਚ ਨਿਤਾਰਦੀ ਹਾਂ,
ਹਉਮੈ ਰੋਗ ਮੈਂ ਆਪ ਨੂੰ ਆਪ ਲਾਵਾਂ।੯੪।


www.sikhbookclub.com

ਪੁਤਲੀ ਅਦਬ ਦੀ ਬੱਚੀਏ ਸੰਗ ਨਾਹੀਂ,
ਆਖ਼ਰ ਸਚ ਜੋ ਸਾਫ ਤੂੰ ਜਾਣਨੀ ਏਂ।
ਤੇਰੀ ਨੀਤ ਹੈ ਸਾਫ ਉਪਕਾਰ ਵਾਲੀ,
ਤੇਰੀ ਬੁੱਧਿ ਭੀ ਸੋਚ ਨਿਤਾਰਨੀ ਏਂ।
ਸੱਚ ਆਖਦੇ, ਕਹਿੰਦਿਆ ਸੰਗੀਏ ਨਾ,
ਵਿਗੜੀ ਸੱਚ ਨੇ ਸਦਾ ਸੁਆਰਨੀ ਏਂ।
ਤੈਨੂੰ ਦੋਸ਼ ਨਾ ਮੂਲ ਹੈ ਕਿਸੇ ਗੱਲੇ,
ਮੇਰੇ ਕਹੇ ਨੂੰ ਤੂੰ ਪ੍ਰਤਿਪਾਰਨੀ ਏਂ।੬੫।

ਧੀ-

ਖਿਮਾ ਮੰਗਕੇ ਪਿਤਾ ਜੀ, ਆਗਿਆ ਮੈਂ,
ਸੀਸ ਧਾਰਕੇ ਆਪਦੀ ਪਾਲਦੀ ਹਾਂ।
ਜੋ ਕੁਝ ਜਾਣਦੀ ਸੱਚ ਹਾਂ ਅਰਜ਼ ਕਰਦੀ;
ਝੂਠ ਆਖ ਨਾ ਮੈਲ ਪਖਾਲਦੀ* ਹਾਂ।
ਪਰਦਾ ਭਾਬੀ ਨੂੰ ਆਪ ਤੋਂ ਚਾਲ ਭੈੜੀ;
ਏਸ ਬਾਤ ਦਾ ਦੁਖ ਜੀ ਜਾਲਦੀ ਹਾਂ।
ਤੁਹਾਨੂੰ ਓਪਰੀ ਉਸਨੂੰ ਤੁਸੀਂ ਓਪ੍ਰੇ,
ਸਿੱਟੇ ਏਸਦੇ ਖੋਲ ਵਿਖਾਲਦੀ ਹਾਂ।੬੬।

ਭੈਣ ਛੋਟੀ ਨੂੰ ਭਾਬੀ ਨ ਲਗੇ ਚੰਗੀ,
ਕਿਸੇ ਗੱਲੇ ਵਿਰੋਧ ਜੋ ਉਠਿਆ ਏ।
ਗੁੱਸੇ ਨਾਲ ਨ ਝੱਲਿਆ ਓਸ ਨੇ ਹੈ,
ਨਾਲ ਮਾਂਉ ਦਾ ਸੀਨਾ ਭੀ ਲੂੱਠਿਆ ਏ।
ਧੀ ਮਾਂਉਂ ਨੂੰ ਨੂੰਹ ਤੋਂ ਸਦਾ ਪਿਆਰੀ,

---

*ਮੈਲ ਧੋਂਦੀ ਹਾਂ।



 www.sikhbookclub.com

ਗੋਂਦਾਂ ਗੁੰਦ ਦੋਹਾਂ ਵੀਰਾ ਮੁੱਠਿਆ ਏ ।
ਵੀਰ ਸਿਖੇ ਨੇ ਭਾਬੀ ਤੇ ਕਹਿਰ ਕੀਤਾ,
ਲੜ ਲਾਈ ਨੂੰ ਆਪ ਹੀ ਕੁੱਠਿਆ ਏ ।੯੭।

ਮਾਂ ਭੈਣ ਤੇ ਵੀਰ ਜੋ ਕਹਿਣ ਤੁਹਾਨੂੰ,
ਤੁਸੀਂ ਓਸ ਨੂੰ ਹੀ ਨਿਰਾ ਜਾਣਦੇ ਹੋ ।
ਇਕ ਪਾਸੇ ਦੀ ਗਲ ਜੋ ਸੁਣੀ ਜੇਹੀ,
ਤੇਰੀ ਭਾਬੀ ਨੂੰ ਆਪ ਪਛਾਣਦੇ ਹੋ ।
ਦੂਜੇ ਪਾਸੇ ਦੀ ਗਲ ਨਾ ਪਹੁੰਚ ਸਕਦੀ,
ਛਾਣੇ ਹੋਏ ਨੂੰ ਤੁਸੀਂ ਭੀ ਛਾਣਦੇ ਹੋ ।
ਦੇਸ ਚਾਲ ਨੇ ਤੁਸਾਂ ਮਜ਼ਬੂਰ ਕੀਤਾ,
ਇਕ ਪਾਸੇ ਦੀ, ਤੁਸੀਂ ਭੀ ਠਾਣਦੇ ਹੋ ।੯੮।

ਤੁਹਾਡੀ ਦਸ਼ਾ ਹੈ ਪਿਤਾ ਜੀ ਬਹੁਤ ਬਿਖੜੀ,
ਜੈਸੀ ਓਸ ਹਾਕਮ ਸੰਦੀ ਹੋਂਵਦੀ ਏ ।
ਜਿਸ ਦੇ ਪਾਸ ਮੁੱਦਈ ਤਾਂ ਹਾਲ ਦੱਸੇ,
ਮੁਦਾਅਲੈ ਦੀ ਖਬਰ ਨਾ ਹੋਂਵਦੀ ਏ ।
ਸੁਣਕੇ ਹਾਲ ਹਵਾਲ ਇਕ ਪੱਖ ਦੇ ਨੂੰ,
ਸੁਰਤ ਸੋਚ ਕਰਦੀ ਸੱਚ ਖੋਂਵਦੀ ਏ ।
ਪਤਾ ਸੱਚ ਤੇ ਝੂਠ ਦਾ ਲੱਗੇ ਨਾਹੀਂ,
ਕੰਡੀ ਵੱਟਿਆਂ ਨਾਲ ਹੀ ਜੋਂਵਦੀ ਏ ।੯੯।

ਜੇਕਰ ਦੂਜੇ ਬੀ ਪਾਸੇ ਤੇ ਹਾਲ ਸਾਰੇ,
ਹਾਕਮ ਸੁਣੇ ਤਾਂ ਕਰੇ ਨਿਤਾਰ ਸੱਚਾ ।
ਇਕ ਪਾਸੇ ਦੀ ਸੁਣੇ ਤੇ ਦਏ ਡਿਗਰੀ,
ਜੋ ਕੁਝ ਕਰੇ ਸੋ ਸਦਾ ਹੀ ਹੋਊ ਕੱਚਾ ।

ਤਿਵੇਂ ਸਹੁਰੇ ਦੀ ਦਸ਼ਾ ਵੁਭੀਤ ਫਸਦੀ,
ਦਿਲ ਓਸਦਾ ਸਦਾ ਹੀ ਰਹੇ ਸੱਚਾ।
ਏਸ ਹਾਲ ਤੇ ਸੱਸ ਨਿਨਾਣ ਵਾਲਾ,
ਪਾਸਾ ਪਿਤਾ ਜੀ ਅਕਸਰਾਂ ਰਹੇ ਉੱਚਾ।੯੦।

ਕਿਰਲੀ ਸੱਪ ਪਕੜੇ ਜੀਕੂੰ ਫਸੇ ਦੁਬਿਧਾ,
ਦੁਬਿਧਾ ਓਸ ਦੇ ਸਹੁਰੇ ਨੂੰ ਘੇਰਦੀਏ।
ਵਹੁਟੀ ਓਸ ਨੂੰ ਆਪਣੇ ਦਏ ਮੰਤਰ,
ਸਦਾ ਨੂੰਹ ਦੇ ਉਲਟ ਹੀ ਫੇਰਦੀਏ।
ਨਾਲ ਰਲੇ ਨਿਨਾਣ ਤੇ ਕਹੇ ਓਹੋ,
ਵਲ ਮਾਂਉਂ ਦੇ ਪਿਤਾ ਨੂੰ ਪ੍ਰੇਰਦੀ ਏ।
ਨੂੰਹ ਚੁੱਪ ਤੇ ਸੁੰਨ ਦਾ ਹੋਇ ਵੱਟਾ,
ਘੁੰਡ ਵਿਚ ਹੈਰਾਨ ਹੋ ਹੇਰਦੀ ਏ।੯੧।

ਪਾਸ ਬੈਠੀ ਦੇ ਝੂਠ ਬੁਲੀਂਵਦੀ ਹੈ,
ਕਾਤੀ ਰਿਦੇ ਉਹਦੇ ਫਿਰਦੀ ਜਾਂਵਦੀ ਹੈ।
ਐਪਰ ਬਿਰਕ ਨਾ ਮੂੰਹ ਥੀਂ ਸਕੇ ਮੂਲੋਂ;
ਘੁਟ ਜ਼ਹਿਰ ਦੇ ਘੁਟ ਲੰਘਾਵਦੀ ਹੈ।
ਗੁੰਗੀ, ਜੀਭ ਦੇ ਹੁੰਦਿਆਂ ਹੋਂਵਦੀ ਹੈ,
ਭੋਜਨ ਅੱਗ ਦਾ ਤੱਤੜੀ ਖਾਂਵਦੀ ਹੈ।
ਸਹਿੰਦੀ ਜ਼ੁਲਮ ਅਨਰਥ ਹੈ ਸਹੁਰਿਆਂ ਦੇ,
ਦੇਸ਼ ਚਾਲ ਪਿਛੇ ਦੁਖ ਪਾਂਵਦੀ ਹੈ।੯੨।

ਪਿਤਾ–

ਇਨ੍ਹਾਂ ਗਲਾਂ ਨੂੰ ਬੱਚੀਏ ਜਾਣਦਾ ਹਾਂ,
ਆਪਣੀ ਦਸ਼ਾ ਨੂੰ ਆਪ ਪਛਾਣਦਾ ਹਾਂ।

ਮੇਰਾ ਮਾਮਲਾ ਸੂਹਲ ਹੈ ਨਾਲ ਨੂੰਹ ਦੇ,
ਬੇਬਸੀ ਮੈਂ ਨੇਂਹ ਦੀ ਜਾਣਦਾ ਹਾਂ।
ਏਸ ਵਾਸਤੇ ਸਦਾ ਮੈਂ ਦੂਰ ਰਹਿੰਦਾ,
ਚੁਪ ਰਹਿਣ ਦੀ ਸਦਾ ਹੀ ਠਾਣਦਾ ਹਾਂ।
ਤੇਰੀ ਮਾਂਉਂ ਤੇ ਭੈਣ ਦੀ ਸੁਣੀ ਸਾਰੀ,
ਚੁਪ ਵੱਟਦਾ ਕੁੱਛ ਨਾ ਛਾਣਦਾ ਹਾਂ।੯੩।

ਧੀ–

ਤੁਸੀਂ ਆਖਿਆ ਪਿਤਾ ਹੈ ਸੱਚ ਪਯਾਰੇ,
ਤੁਹਾਡੀ ਦਸ਼ਾ ਨਾਜ਼ਕ ਤੁਹਾਥੋਂ ਨਹੀਂ ਗੁੱਝੀ।
ਤੁਹਾਨੂੰ ਚੁਪ ਦੇ ਬਿਨਾਂ ਨਾ ਰਾਹ ਕੋਈ,
ਮੇਰੇ ਤਈਂ ਬੀ ਹੋਰ ਨਾ ਕੁਝ ਸੁੱਝੀ।
ਐਪਰ ਚੁਪ ਦੀ ਸੱਟ ਬੀ ਸਹੇ ਭਾਬੀ,
ਤੁਹਾਡੀ ਚੁਪ ਹੈ ਪੰਛੀਆਂ ਜਿਵੇਂ ਕੁੱਜੀ।
ਦੂਜੀ ਗਲ ਹੈ ਨਿਤ ਦੀ ਸਿਖ ਮਾੜੀ,
ਸਿਖ ਸੁਣਦਿਆਂ ਹੱਠ ਦੀ ਨਹੀਂ ਪੁੱਜੀ।੯੪।

ਪਿਤਾ–

ਤੇਰੇ ਕਹੇ ਦੇ ਵਿਚ ਹੈ ਮੱਤ ਚੰਗੀ,
ਦੱਸ ਬੱਚੀਏ ਸਾਹੁਰਾ ਕਰੇ ਕੀਕੁਰ ?
ਕੁਝ ਸੋਚਿਆ ਰਾਹ ਤਾਂ ਦੱਸ ਮੈਨੂੰ,
ਪਾਪ ਕਰਨ ਤੋਂ ਬਚਾਂ ਮੈਂ ਦੱਸ ਜੀਕੁਰ ?
ਸਿਆਣੀ ਧੀ ਹੈਂ ਮੂਠ ਨੂੰ ਮੇਲਣੀ ਹੈਂ,
ਗੱਲ ਦਸ ਜੋ ਨਿਭੇ ਹੈ ਅੰਤ ਤੀਕਰ।
ਨਯਾਓਂ ਪ੍ਰੇਮ ਦਾ ਸਦਾ ਵਰਤਾਉ ਹੋਵੇ,
ਝੂਠਾ ਕਿਸੇ ਦੇ ਸਿਰ ਨਾ ਭਜੇ ਠੀਕਰ।੯੫।


www.sikhbookclub.com

ਧੀ–

ਪਿਆਰੇ ਪਿਤਾ ਜੀ ਆਪ ਸਿਆਨੜੇ ਹੋ,
ਕੋਟ ਅਕਲ ਦਾ ਦੂਰ ਦੀ ਜਾਣਦੇ ਹੋ।
ਤੁਸਾਂ ਵਿਦਯਾ ਬਹੁਤ ਹੈ ਪੜ੍ਹੀ ਪਯਾਰੇ,
ਤੁਸੀਂ ਸਮੇਂ ਦੀ ਨਾੜ ਪਛਾਣਦੇ ਹੋ।
ਫਿਰੇ ਦੇਸ਼ ਤੇ ਸੰਗਤਾ ਵੇਖੀਆਂ ਨੇ,
ਸੋਨਾ ਕੱਢ ਲੈਂਦੇ ਰੇਤ ਛਾਣਦੇ ਹੋ।
ਤੁਸੀਂ ਇਲਮ ਤੇ ਅਮਲ ਨੂੰ ਧਾਰਏ ਹੋ,
ਧਰਮ ਨਾਮ ਦੀ ਮੌਜ ਨੂੰ ਮਾਣਦੇ ਹੋ।੬੬।

ਮੈਂ ਹਾਂ ਵਿਦਿਆ ਹੀਨ ਤੇ ਘਰੇ ਬੈਠੀ,
ਮੈਨੂੰ ਖਬਰ ਨਾ ਆਰ ਤੇ ਪਾਰਦੀ ਏ।
ਕਿਹੜੀ ਅਕਲ ਤੇ ਤੁਸਾਂ ਨੂੰ ਰਾਹ ਦੱਸਾਂ,
ਏਹ ਗਲ ਵੀ ਵੱਡੀ ਹੰਕਾਰ ਦੀ ਏ।
ਤੁਸੀਂ ਪਿਤਾ ਹੋ ਧੀ ਨੂੰ ਮੱਤ ਦੇਵੋ,
ਧੀ ਏਤਨੀ ਅਰਜ਼ ਗੁਜ਼ਾਰਦੀ ਏ।
ਘਰ ਸਾਡੜੇ ਈਰਖਾ ਪੈਰ ਪਾਇਆ,
ਹੈ ਏ ਡੈਣ ਜੋ ਦੇਸ਼ ਨਿਘਾਰਦੀ ਏ।੬੭।

ਪਿਤਾ–

ਪਿਆਰੀ ਪੁਤ੍ਰੀ ਅਦਬ ਦਾ ਰੂਪ ਧੀਏ,
ਤੇਰੀ ਅਕਲ ਹੈ ਪਾਰ ਦੁਸਾਰ ਦੇਖੇ।
ਭਾਵੇਂ ਅਕਲ ਦਾ ਕੋਟ ਉਲਾਦ ਹੋਵੇ,
ਛੋਟੇ ਹੋਣ ਸਦਾ ਜਾਏ ਪਿਤਾ ਲੇਖੇ।
ਕਦਰ ਨੇਕ ਉਲਾਦ ਦੀ ਕਰਨ ਮਾਪੇ.
ਧ੍ਰੂ ਰਾਜ ਨੂੰ ਜਿਕਰਾਂ ਪਿਤਾ ਵੇਖੇ।

ਪੁੱਤਲੀ ਅੱਖ ਦੀ ਚੀਜ਼ ਹੈ ਨਿਕੀ ਜਿਹੀ,
ਐਪਰ ਜਗਤ ਦੇ ਖੰਡ ਬ੍ਰਹਿਮੰਡ ਦੇਖੇ ।੯੮।

ਤਿਵੇਂ ਨਿੱਕੀਏ ਉਮਰ ਤੇ ਸਾਕ ਅੰਦਰ,
ਵਿਚ ਅਕਲ ਦੇ ਵੱਡੀਏ ਪਿਆਰੀਏ ਨੀ ।
ਦੱਸ ਖੋਲ੍ਹਕੇ ਕੋਈ ਤਦਬੀਰ ਚੰਗੀ,
ਸੱਚ ਝੂਠ ਨੂੰ ਚਾ ਨਿਤਾਰੀਏ ਨੀ ।
ਡੈਣ ਈਰਖਾ ਅੰਗਣੇ ਆ ਖੇਡੀ ।
ਨਾਲ ਸੋਟੀਆਂ ਓਸ ਨੂੰ ਮਾਰੀਏ ਨੀ ।
ਸ਼ੀਰ ਸ਼ਕਰ ਦੇ ਵਾਂਙ ਪਰਵਾਰ ਹੋਵੇ,
ਵੈਰ ਭਾਵ ਨੂੰ ਕੱਢ ਵਿਡਾਰੀਏ ਨੀ ।੯੯।

ਧੀ-

ਤੁਸੀਂ ਆਪ ਹੋ ਜਾਣਦੇ ਪਿਤਾ ਪਯਾਰੇ,
ਸਾਰੀ ਗਲ ਨੂੰ ਜਾਣਦੇ ਭਾਂਤਿ ਚੰਗੀ ।
ਭਾਬੀ ਪੜ੍ਹੀ ਨਾ ਗੁੜ੍ਹੀ ਨਾ ਕੁਝ ਡਿੱਠਾ
ਸਹੁਰੇ ਰੁਖ ਦੇ ਨਾਲ ਹੈ ਗਈ ਟੰਗੀ ।
ਕਿਸੇ ਨਾਲ ਪਿਆਰ ਨਾ ਮੱਤ ਦਿੱਤੀ ।
ਕਿਸੇ ਓਸ ਦੀ ਅਕਲ ਹੈ ਨਹੀਂ ਰੰਗੀ ।
ਦੇ ਦੇ ਚੂੰਨਣੀ ਮਾਰ ਕੇ ਬੋਲੀਆਂ ਤੇ,
ਰੱਖੀ ਸਦਾ ਹੈ ਓਸ ਦੇ ਨਾਲ ਤੰਗੀ ।੧੦੦

ਮੈਂ ਨਾ ਆਖਦੀ ਦੋਸ਼ ਤੋਂ ਰਹਿਤ ਭਾਬੀ,
ਸੱਚੀ ਸਾਰਿਓਂ ਪਾਸਿਓਂ ਜਿਵੇਂ ਕੰਗੂ ।
ਨਾ ਮੈਂ ਆਖਦੀ ਮਾਂਉਂ ਤੇ ਭੈਣ ਝੂਠੇ,
ਪੀਲੇ ਕਿੱਕਰਾਂ ਦੇ ਜਿਵੇਂ ਹੋਣ ਲੂੰਗੂ ।
ਕੇਵਲ ਇਕ ਬੇਸਮਝੀ ਨੇ ਪਾੜ ਪਾਇਆ,
ਜਿਵੇਂ ਕਰੇ ਹੈਰਾਨ ਹੈ ਵਾਕ ਗੁੰਗੂ ।

ਕਰੋ ਕਿਵੇਂ ਹੀ ਦੂਰ ਬੇਸਮਝੀਆਂ ਨੂੰ,
ਜਿਨ੍ਹੇ ਸਾਰਿਆਂ ਚਾੜਿਆ ਬੁਰਾ ਚੂੰਗੂ ।੧੦੧ ।

ਪਿਤਾ–

ਕੀ ਹੈ ਰੂਪ ਬੇਸਮਝੀ ਦਾ ਦੱਸ ਧੀਏ,
ਜਿਸ ਨੂੰ ਮਾਰੀਏ ਤੇ ਸਾਡੇ ਘਰੋਂ ਨੱਸੇ,
ਤੇਰੀ ਸੋਚ ਹੈ ਸੋਚਦੀ ਬਹੁਤ ਚੰਗੀ ।
ਵੈਰ ਭਾਵ ਨਾ ਕਿਸੇ ਦੇ ਰਿਦੇ ਵੱਸੇ ।
ਸਾਰੇ ਹਿਰਦਿਆਂ ਸਮਝ ਹੈ ਉਲਟ ਹੋਈ,
ਓਹੋ ਪੁੱਠੜੇ ਪਾਸੜੇ ਨਿੱਤ ਦੱਸੇ ।
ਜਿਵੇਂ ਸਿਧਿਓਂ ਸ਼ੀਸ਼ਿਓਂ ਮੂੰਹ ਦਿੱਸੇ,
ਪੁਠੇ ਵੇਖਿਆਂ ਨਜ਼ਰ ਨਾ ਪਏ ਭੱਸੇ ।੧੦੨ ।

ਧੀ–

ਮਾਂ ਨੇ ਜਾਣਿਆ ਨੂੰਹ ਹੈ ਸਤੀ ਸੀਤਾ,
ਅਕਲ ਕੋਟ ਹੈ ਬੜਾ ਚਿਤੌੜ ਦਾ ਓ ।
ਭੈਣ ਜਾਣਿਆਂ ਕਲਪ ਹੈ ਬ੍ਰਿਛ ਢੱਠਾ,
ਸਖੀਆਂ ਜਾਣਿਆਂ ਰੁੱਖ ਪਤੋੜ ਦਾ ਓ ।
ਵੀਰ ਜਾਣਿਆਂ ਲੱਛਮੀ ਹੇਠ ਆਈ,
ਫੁਲ ਖਿੜ ਪਿਆ ਪਰਬਤੀ ਕੌੜ ਦਾ ਓ ।
ਨੂੰਹ ਨਹੀਂ ਜਾਤੀ ਕੁੜੀ ਸਾਊਆਂ ਦੀ,
ਸਭਨਾਂ ਪਿੰਡ ਜਾੜਾ ਹਾਥੀ ਪੌੜ ਦਾ ਓ ।੧੦੩ ।

ਰਖੀ ਸਾਰਿਆਂ ਵੱਧ ਉਮੇਦ ਉਸ ਤੋਂ,
ਉਸ ਦੇ ਕਦਰ ਦੀ ਕਿਸੇ ਨਾ ਟੋਲ ਕੀਤੀ ।
ਲੱਕੜ ਚੰਦਨੇ ਦੀ ਉੱਘੜ ਦੁੱਘੜੀ ਓ,
ਕਿਸੇ ਚਾੜ ਖਰਾਦ ਨਾ ਡੌਲ ਲੀਤੀ ।
ਸਗੋਂ ਰਗੜਕੇ ਚਿਥੜ ਕੇ ਨਾਸ਼ ਕੀਤੀ,

ਕਿਸੇ ਜਾਚਕੇ ਮੂਲ ਨਾ ਤੋਲ ਕੀਤੀ।
ਗੁੱਥੀ ਬੰਦ ਨੂੰ ਜਾਣਕੇ ਹੀਰਿਆਂ ਦੀ,
ਕਿਸੇ ਨਹੀਂ ਜਾਤੀ ਖੋਜ ਫੋਲ ਕੀਤੀ।੧੦੪।

ਪਿਤਾ–

ਸੱਚ ਆਖਿਆ ਬੱਚੀਏ ਪਯਾਰੀਏ ਨੀ,
ਅਸਾਂ ਕਦਰ ਤੋਂ ਵੱਧ ਉਮੈਦ ਕੀਤੀ।
ਵਿਤ ਨੂੰਹ ਦਾ ਕਿਸੇ ਪਛਾਣਿਆ ਨਾ,
ਉਸ ਦੀ ਵਿਦਿਆ ਦੀ ਨਹੀਂ ਸਾਰ ਲੀਤੀ।
ਸਿਖਯਾ ਦੇਣ ਦਾ ਨਹੀਂ ਉਪਾ ਕੀਤਾ,
ਸਗੋਂ ਖੰਡ ਦੇ ਨਾਲ ਉਹ ਰਹੀ ਪੀਤੀ।
ਪੇਕੇ ਖੇਡਦੀ ਮੱਲਦੀ ਰਹੀ ਹੈਸੀ,
ਏਥੇ ਦਾਬਿਆਂ ਮਿਹਣਿਆਂ ਵਿਚ ਬੀਤੀ।੧੦੫।

ਐਪਰ ਧੀਏ ਪਿਆਰੀਏ ਦੱਸ ਕੋਈ,
ਡੌਲ ਸੋਹਣੀ ਕੰਮ ਸੁਆਰਣੇ ਦੀ।
ਸੋਟਾ ਜਾਏ ਨ ਹੱਥ ਦਾ ਟੁੱਟ ਜਿੱਕੁਰ,
ਫੇਰ ਡੌਲ ਹੋਵੇ ਸਪ ਮਾਰਨੇ ਦੀ।
ਕਿਸੇ ਤਾਂਈਂ ਨਾ ਰੰਜ ਤੇ ਗਿਲਾ ਹੋਵੇ,
ਫੇਰ ਵਿਧੀ ਹੋਵੇ ਕਾਜ ਸਾਰਨੇ ਦੀ।
ਨੂੰਹ ਸੱਸ ਨਿਨਾਣ ਤੇ ਪਤੀ ਤਾਂਈਂ,
ਪਏ ਝੱਲਣੀ ਸ਼ਰਮ ਨਾ ਹਾਰਣੇ ਦੀ ।੧੦੬।

ਧੀ–

ਹਾਥੀ ਚੜ੍ਹੇ ਸੁਮੇਰ ਨੂੰ ਕਹੇ ਕੋਈ,
'ਤੇਰੀ ਕਰਾਂ ਬਰਾਬਰੀ', ਬਣੇ ਕੀਕੁਰ।

 www.sikhbookclub.com

ਉਚੀ ਕਰੇ ਮਤਾਬੀ ਤੇ ਕਹੇ "ਸੂਰਜ"
ਸੂਰਜ ਓਸ ਨੂੰ ਕੋਈ ਹੈ ਗਣੇ ਕੀਕੁਰ ?
ਚੀਲ ਲਏ ਉਡਾਰੀਆਂ ਗਗਨ ਕੱਛੇ,
ਕੋਈ ਚੰਨ ਤਾਰਾ ਓਨੂੰ ਭਣੇ ਕੀਕੁਰ !
ਜਾਏ ਮਾਪਿਆਂ ਸਾਹਮਣੇ ਹੋਣ ਨੀਵੇਂ,
ਬੱਦਲ ਸਾਹਮਣੇ ਹੋਂਵਦੇ ਕਣੇ ਜੀਕੁਰ !੧੦੭ ।

ਰੁਖ ਬੋਹੜ ਦੇ ਬਾਲ ਨਾ ਪਟ ਹੰਘਣ,
ਵਗਦੀ ਨਦੀ ਨਾ ਟੁਿਡਿਆਂ ਬੰਨ੍ਹਣੀਏ ।
ਸੁਭਾ ਸੰਦੜਾ ਕਠਨ ਹੈ ਅੱਤਿ ਪਰਬਤ,
ਚੂਹੇ ਸੁਰੰਗ ਨਾ ਏਸ ਤੋਂ ਖੰਨਣੀਏ ।
ਜਿਸਦੀ ਆਪਣੀ ਭੱਜ ਨਾ ਗਈ ਆਦਤ,
ਓਨ੍ਹ ਦੂਸਰੇ ਦੀ ਕਿਵੇਂ ਭੰਨਣੀਏ ।
ਮੇਰਾ ਆਖਿਆ ਆਪ ਮੈਂ ਮੰਨਦੀ ਨਾਂ,
ਕਿਸੇ ਹੋਰ ਮੇਰੀ ਕਾਹਨੂੰ ਮੰਨਣੀ ਏ ।੧੦੮ ।

ਆਪ ਵਡੇ ਹੋ ਪਿਤਾ ਜੀ ਸਭਸ ਕੋਲੋਂ,
ਬੁਧੀ ਆਪ ਦੀ ਉੱਜਲੀ ਸੋਹਿਣੀ ਏ ।
ਆਪੇ ਸਭ ਨੂੰ ਆਪ ਸੁਆਰ ਸੱਕੋ,
ਦੁਰਮਤ ਸਭ ਦੀ ਆਪ ਨੇ ਖੋਹਿਣੀ ਏ ।
ਫੁੱਟ ਡੈਣ ਹੈ ਆਣਕੇ ਵੜੀ ਵਿਹੜੇ,
ਮੁੰਡੀ ਪਕੜ ਕੇ ਆਪ ਨੇ ਕੋਹਿਣੀ ਏਂ,
ਆਪ ਕਹੋਗੇ ਕਰੇਗਾ ਅਸਰ ਸਾਰੇ ।
ਹੋਰ ਕਿਸੇ ਦੀ ਗਲ ਨਾ ਸੋਹਿਣੀ ਏਂ ।੧੦੯ ।

ਪਿਤਾ–

ਅਦਬ ਵਾਲੀਏ ਪਯਾਰ ਸੁਆਰੀਏ ਨੀ ।
ਤੇਰੀ ਸਮਝ ਸੁਲੱਖਣੀ ਬੜੀ ਧੀਏ,

ਗੁੰਝਲ ਖੱਲ੍ਹੀਏ ਅਕਲ ਦੇ ਨਾਲ ਸਾਰੀ।
ਸਮਝ ਉਲਟ ਕਾਰਨ ਜੇਹੜੀ ਅੜੀ ਧੀਏ,
ਤੂੰ ਬੀ ਸਾਰਿਆਂ ਨਾਲ ਵਿਚਾਰ ਕੀਤੀ।
ਮਿੱਠੇ ਵਾਕਾਂ ਦੀ ਬੰਨ੍ਹ ਕੇ ਲੜੀ ਧੀਏ,
ਹੁਣ ਕੀ ਹੋਰ ਉਪਾਓ ਹੈ ਕਰਨ ਵਾਲਾ,
ਵਿਦਯਾ ਪਯਾਰ ਦੀ ਤੂੰ ਹੈਂ ਪੜ੍ਹੀ ਧੀਏ ?੧੧੦।

ਧੀ–

ਹਥ ਬੰਨ੍ਹ ਕੇ ਅਰਜ਼ ਗੁਜ਼ਾਰਦੀ ਹਾਂ,
ਮਾਉਂ ਭੈਣ ਅਗੇ ਜਦੋਂ ਬਿਨੈ ਕੀਤੀ।
ਓਨ੍ਹਾਂ ਰਖਕੇ ਮਾਨ ਸਤਿਕਾਰ ਮੇਰਾ,
ਜੋ ਕੁਝ ਕਿਹਾ ਸੀ ਬੇਨਤੀ ਮੰਨ ਲੀਤੀ।
ਭਾਬੀ ਮੰਨਿਆਂ ਓਸ ਨੂੰ ਕਿਹਾ ਜੋ ਕੁਝ,
ਕੌੜੀ ਸਿਖਯਾ ਦਾਰੂ ਦੇ ਵਾਂਙ ਪੀਤੀ।
ਬਾਕੀ ਵੀਰ ਨੂੰ ਆਪ ਸੁਮੱਤ ਬਖਸ਼ੋ,
ਗੁੱਸਾ ਖਾਊ ਜੇ ਬੇਨਤੀ ਮੈਂ ਕੀਤੀ।੧੧੧।

ਪਿਤਾ–

ਧੀਏ ਪਯਾਰੀਏ ਅਕਲ ਦੀ ਸੋਚ ਸੋਚੀਂ,
ਅਟਕੋਂ ਵੱਧ ਲੰਮੇਰੜੀ ਬੁੱਧਿ ਤੇਰੀ।
ਜੇ ਮੈਂ ਪੁਤ ਨੂੰ ਕੁਝ ਬੀ ਮੱਤ ਦੇਵਾਂ,
ਅਗੋਂ ਮੰਨਿਆਂ ਜੇ ਨਾ ਮੱਤ ਮੇਰੀ।
ਮੇਰਾ ਦਬਦਬਾ ਅਦਬ ਦਾ ਜਬ੍ਹਾ ਸਾਰਾ,
ਰਹੂ ਤੇਰੀ ਨਾ ਹੋਇਗਾ ਸੱਭ ਢੇਰੀ।
ਤੇਰੀ ਗਲ ਪਰ ਆਸ ਹੈ ਮੰਨ ਲੇਓ,
ਚਾਲੀ–ਹੁੰਦੀ ਹੈ ਤੈਂਡੜੀ ਗੱਲ–ਸੇਰੀ।

ਜੇਕਰ ਮੰਨੀ ਨਾਂ, ਹੋਊ ਨਰਾਜ, ਤਾਂ ਬੀ,
ਹੇਠੀ ਕੁਝ ਨਾ ਹੋਇਗੀ ਤੁੱਧ ਕੇਰੀ ।੧੧੨ ।

ਤੁਸੀਂ ਭੈਣ ਭਰਾ ਰਲ ਬੈਠਣੇ ਹੋ,
ਆਪੋ ਵਿਚ ਇਕ ਜੈਂਡੜੇ ਫਰਕ ਨਾਹੀਂ ।
ਛੋਟੇ ਹੁੰਦਿਆਂ ਲੜੇ ਤੇ ਮੰਨ ਪੈਂਦੇ,
ਵਿਗੜੀ ਸੌਰਦੀ ਰੜਕਦੀ ਕਰਕ ਨਾਹੀਂ ।
ਹੁਣ ਬੀ ਵਿਗੜ ਜੇ ਜਾਇ ਤਾਂ ਸੌਰ ਸਕੂ,
ਪਤਲੀ ਪੱਤਿ ਤੁਸਾਡੜੀ ਵਰਕ ਨਾਹੀਂ ।
ਵਡਾ ਦੋਹਾਂ ਤੋਂ ਮੈਂ ਸੁਆਰ ਸਕੂੰ ।
ਸੋ ਤੂੰ ਏਸ ਗੱਲੇ ਬੱਚੀ ਸਰਕ ਨਾਹੀਂ ।੧੧੩ ।

ਧੀ–

ਸਤਿ ਬਚਨ ਹੈ ਪਿਤਾ ਜੀ ਤੁਸਾਂ ਕਿਹਾ,
ਇਹੋ ਕੁਝ ਮੈਂ ਜਾਇ ਕਮਾਂਵਦੀ ਹਾਂ ।
ਜੋ ਕੁਝ ਹੁਕਮ ਹੈ ਕਰਾਂਗੀ ਉਵੇਂ ਜਾਕੇ,
ਦਇਆ ਆਪ ਦੀ ਨਾਲ ਮੰਗਾਂਵਦੀ ਹਾਂ ।
ਆਪ ਦਿਓ ਅਸੀਸ ਤੇ ਨਾਲ ਬਰਕਤ,
ਫੇਰ ਕਾਜ ਸੁਆਰਕੇ ਆਂਵਦੀ ਹਾਂ ।
ਰਾਗੀ ਬਿਨਾਂ ਅਵਾਜ਼ ਕੀ ਕਰੇ ਕਾਰਜ,
ਆਪ ਬਰਕਤੀ ਬਰਕਤੀ ਜਾਂਵਦੀ ਹਾਂ ।੧੧੪ ।

ਲੈ ਲਈ ਅਸੀਸ ਤੇ ਤੁਰੀ ਬੀਬੀ,
ਵੀਰ ਆਪਣੇ ਦੇ ਪਾਸ ਜਾਂਵਦੀ ਹੈ ।
ਵੀਰ ਦੇਖਕੇ ਉੱਠਕੇ ਦੇਇ ਆਦਰ,
ਭੈਣ ਪ੍ਰੇਮ ਦੀ ਫਤਹਿ ਗਜਾਂਵਦੀ ਹੈ ।
ਨਾਲ ਪਯਾਰ ਦੇ ਛੇੜਦੀ ਗਲ ਬਾਤਾਂ,

ਸੁਖ ਸਾਂਦ ਅਨੰਦ ਪੁਛਾਂਵਦੀ ਹੈ।
ਹੋਰ ਮਾਮਲੇ ਘਰਾਂ ਦੇ ਵੀਰ ਤਾਂਈਂ,
ਗਲ ਅਸਲ ਤੇ ਫੇਰ ਲਿਆਉਂਦੀ ਹੈ।੧੧੫।

ਭੈਣ–

ਹੁਣ ਵੀਰ ਜੀ ਸੋਚ ਦੀ ਗਲ ਭਾਰੀ,
ਸਾਨੂੰ ਪਈ ਹੈ ਸੋਚਣੀ ਐਸ ਵੇਲੇ।
ਤੁਸਾਂ ਸਮਝਿਆ ਬੁਰੀ ਹੈ ਨਾਰ ਆਪਣੀ,
ਪੱਥਰ ਚੁੱਪ ਦੇ ਓਸਦੇ ਸਿਰੇ ਠੇਲੇ।
ਸ਼ੁਕਰ ਗੁਰੂ ਦਾ ਫੇਰ ਹੈ ਵੀਰ ਪਯਾਰੇ,
ਪਾਪੜ ਤੁਸਾਂ ਹਨ ਜ਼ੁਲਮ ਦੇ ਨਹੀਂ ਵੇਲੇ।
ਐਪਰ ਚੁੱਪ ਬੀ ਸਜ਼ਾ ਹੈ ਬਹੁਤ ਭਾਰੀ,
ਨਰਮ ਦਿਲਾਂ ਨੂੰ ਕੋਲਿਆਂ ਵਾਙ ਪੇਲੇ।੧੧੬।

ਵੀਰ–

ਇਸ ਤੋਂ ਘੱਟ ਤੂੰ ਦੱਸ ਹੇ ਭੈਣ ਪਯਾਰੀ,
ਜੋ ਕੁਝ ਬਣੇ ਮੈਂ ਕਰਾਂ ਓ ਕਾਰ ਚੰਗੀ।
ਦੁੱਖ ਨਹੀਂ ਦਿਤਾ, ਕਿਹਾ ਨਹੀਂ ਮੰਦਾ,
ਮਨ ਆਪਣੇ ਅਕਲ ਦੀ ਮਾਰ ਕੰਘੀ।
ਦਿੱਤਾ ਦੁਖ ਨ ਕਿਸੇ ਨੂੰ ਰੋਸ ਹੋਵੇ,
ਵਸ ਰਿਹਾਂ ਮੈਂ ਚੁਪ ਦੀ ਤਾਣ ਝੰਗੀ।
ਝੱਲ ਲਿਆ ਹੈ ਸਿਰੇ ਤੇ ਆਪਣੇ ਮੈਂ,
ਕੱਟ ਆਪ ਤੇ ਲਵਾਂਗਾ ਸੱਭ ਤੰਗੀ।੧੧੭।

ਭੈਣ–

ਸੁਣੋ ਵੀਰ ਜੀ! ਤੁਸੀਂ ਗੰਭੀਰ ਚੰਗੇ,
ਤੰਗੀ ਆਪ ਤੇ ਝੱਲਣੀ ਬੜੀ ਚੰਗੀ।


www.sikhbookclub.com

ਐਪਰ ਰਿਦੇ ਦਾ ਨਸ਼ਟ ਹੈ ਨਾਲ ਹੁੰਦਾ,
ਕਾਇਆਂ ਝੱਲਦੀ ਨਾਲ ਹੈ ਬੁਰੀ ਤੰਗੀ।
ਕ੍ਰੋਧ ਘੋਪਿਆਂ ਆਪ ਨੂੰ ਮਾਰਦਾ ਹੈ.
ਕੁਛੜ ਲਈ ਜਯੁੰ ਕਟੇ ਤਲਵਾਰ ਨੰਗੀ।
ਕੰਮ ਤੁਸਾਂ ਦਾ ਵਿਦਿਯਾ ਵਾਲੜਾ ਹੈ;
ਕ੍ਰੋਧ ਛਾਂਦਿਆਂ ਜਾਇਗੀ ਸੁਰਤ ਡੰਗੀ।੧੧੮।

ਤੁਸੀਂ ਨੇਕ ਹੋ ਨੇਕੀ ਦਾ ਮੁੱਲ ਨਾਹੀਂ,
ਲਾਹੀ ਪੱਤ ਨਾ ਸਾਊਆਂ ਜਾਈ ਦੀ ਹੈ।
ਐਪਰ ਅੰਦਰੋਂ ਸਾੜਨਾ ਆਪੇ ਤਾਂਈਂ,
ਗੱਲ ਨਹੀਂ ਏ ਨੇਕ ਕਮਾਈ ਦੀ ਹੈ।
ਮੰਦਰ ਦੇਹ ਹੈ ਦਿਤਾ ਹੈ ਤਖਤ ਉਸਦਾ,
ਸੂਰਤ ਰੱਬ ਦੀ ਜਿੱਥੇ ਬਹਾਈਦੀ ਹੈ।
ਚੂੜ੍ਹੇ ਕ੍ਰੋਧ ਨੂੰ ਵਾੜਕੇ ਓਸ ਥਾਂ ਤੇ,
ਆਤਮ ਸੱਤਿਆ ਨਹੀਂ ਗਵਾਈਦੀ ਹੈ।੧੧੯।

ਵੀਰ—

ਇਹ ਤਾਂ ਸੱਚ ਹੈ ਭੈਣ ਜੀ ਕ੍ਰੋਧ ਤਾਂਈਂ,
ਜਦੋਂ ਅੰਦਰੇ ਆਪਣੇ ਨੱਪ ਲਈਏ।
ਤਦੋਂ ਆਪ ਨੂੰ ਖਾਂਵਦਾ ਠੀਕ ਐਕੁਰ,
ਸੋਨੇ ਵਿਚ ਸੁਹਾਗੜਾ ਜਿਵੇਂ ਪਈਏ।
ਐਪਰ ਦੂਏ ਨੂੰ ਦੁਖ ਤਾਂ ਨਹੀ ਹੁੰਦਾ,
ਦੁਖ ਦੂਏ ਦਾ ਆਪ ਤੇ ਲੈ ਲਈਏ।
ਵੱਧ ਏਸ ਤੋਂ ਕਲਾ ਕੀ ਹੋਰ ਹੋਵੇ,
ਦਿਓ ਮੱਤ ਤਾਂ ਭੈਣ! ਵਿਚਾਰ ਲਈਏ।੧੨੦।

ਭੈਣ—

ਤੁਸਾਂ ਮੰਨਿਆਂ ਕ੍ਰੋਧ ਦਾ ਨੱਪ ਲੈਣਾ,
ਆਪਣੇ ਆਪ ਨੂੰ ਆਪ ਗੁਆਵਣਾ ਹੈ।
ਪਰ ਏ ਦੂਏ ਤੇ ਦਇਆ ਦੀ ਅਹੇ ਵਰਤਣ,
ਰਿਦਾ ਓਸਦਾ ਨਹੀਂ ਦੁਖਾਵਣਾਂ ਹੈ।
ਮਾਣਕ ਰਿਦੇ ਨੂੰ ਕੜਕ ਨਾ ਦੇਵਣੀ ਜੋ,
ਗੁਰੂ ਆਖਦੇ, ਰਬ ਦਾ ਪਾਵਣਾ ਹੈ।
ਨੀਯਤ ਭਲੇ ਦੀ ਸਦਾ ਹੀ ਭਲੀ ਵੀਰਾ;
ਨੇਕ ਨੀਤਿ ਨੇ ਭਲਾ ਕਰਾਵਣਾ ਹੈ।੧੨੧।

ਏਸ ਗਲ ਦੀ ਆਪ ਦੀ ਕਰਾਂ ਉਪਮਾਂ,
ਦੂਜੀ ਗੱਲ ਬੀ ਭਲੀ ਨਾ ਜਾਣਦੀ ਹਾਂ।
ਇਸ ਤੋਂ ਵੱਧ ਇਕ ਕਦਮ ਉਠਾਣ ਉੱਤੇ,
ਸੁਚੀ ਨੇਕੀ ਦੀ ਥਾਉਂ ਪਛਾਣਦੀ ਹਾਂ।
ਪਹਿਲੇ ਕ੍ਰੋਧ ਨੂੰ ਠੱਲ੍ਹੀਏ ਬਾਹਰ ਜਾਣੋ,
ਪੈਣੋ ਦੂਜੇ ਤੇ ਭਲਾ ਸਿਞਾਣਦੀ ਹਾਂ।
ਅੰਦਰ ਆਪਣੇ ਟਿਕਣ ਨਾ ਫੇਰ ਦੇਣਾ,
ਉੱਚਾ ਏਸਨੂੰ ਓਸ ਤੋਂ ਜਾਣਦੀ ਹਾਂ।੧੨੨।

ਇਸ ਨੂੰ ਕਹਿਣ ਉਪੇਖਯਾ ਸੰਤ ਪੂਰੇ,
ਬੁਰਾ ਕਿਸੇ ਦਾ ਕਰਨ ਨਾਂ ਏਸ ਅੰਦਰ।
ਮਾਣਕ ਆਪਣਾ ਦੂਏ ਦਾ ਰਹੇ ਸਾਬਤ,
ਰਿਦਾ ਗੁਰਾਂ ਦਾ ਦਮਕਦਾ ਰਹੇ ਮੰਦਰ।
ਭਲਾ ਬੁਰਾ ਨਾ ਏਸ ਥੀਂ ਹੋਂਵਦਾ ਹੈ,
ਏਹੈ ਓਪਰਾਪਨੇ ਦਾ ਠੀਕ ਸੰਦਰ।
ਐਪਰ ਧਾਰਨਾ ਏਸ ਦੀ ਤਦੋਂ ਬਣਦੀ,
ਜਦੋਂ ਹੋਇ ਅਗਲਾ ਦੁਸ਼ਟ ਵਾਂਗ ਬੰਦਰ।੧੨੩।



 www.sikhbookclub.com

ਸਿਖੀ ਏਸ ਤੋਂ ਬੀ ਵੱਧ ਹੋਰ ਆਖੇ,
ਬਖਸ਼ ਦਿਓ ਅਪਰਾਧ ਜੋ ਕਰੇ ਕੋਈ।
ਫੇਰ ਏਸ ਤੋਂ ਕਦਮ ਇਕ ਹੋਰ ਅੱਗੇ,
ਬਖਸ਼ ਦਿਓ ਤੇ ਯਾਦ ਨਾ ਧਰੋ ਸੋਈ।
ਅੱਗੇ ਏਸ ਤੋਂ ਗਲ ਹੈ ਹੋਰ ਚੰਗੀ,
ਦਿਓ ਸਿੱਖਿਆ ਬੁਰਾ ਬੀ ਭਲਾ ਹੋਈ।
ਚੰਦਨ ਵਾਂਗ ਸੁਗੰਧਿ ਦੇ ਨਾਲ ਬੂਟੇ,
ਚੰਦਨ ਕਰੋ ਤਾਂ ਸਿਖੀ ਹੈ ਸਿਖ ਬੋਈ।੧੨੪।

ਗੁਰੂ ਗ੍ਰੰਥ ਸਾਹਿਬ ਏਹੋ ਮੱਤ ਦੇਂਦੇ,
ਜਿਸ ਨੂੰ ਤੁਸੀਂ ਬੀ ਸੱਚ ਮਨੇਂਵਦੇ ਹੋ।
ਮਾਫ ਰੱਖਣਾ ਵੀਰ ਜੀ, ਸਚ ਕਹਿੰਦੀ,
ਆਪ ਏਸ ਤੋਂ ਉਲਟ ਕਰੇਂਵਦੇ ਹੋ।
ਬੁਰਾ ਕਹੇ ਜੋ ਆਪ ਨੂੰ, ਜੀਭ ਲੂਹਾਂ,
ਆਪ ਦੁੱਖ ਆਪਣੇ ਸੀਸ ਲੇਂਵਦੇ ਹੋ।
ਤੁਸਾਂ ਕਦਮ ਇਕ ਪੱਟਿਆ ਭਲੇ ਪਾਸੇ,
ਮਾਣਕ ਦੂਏ ਦਾ ਨਹੀਂ ਠਹੇਂਵਦੇ ਹੋ।੧੨੫।

ਐਪਰ ਕਦਮ ਏ ਪਹਿਲੜਾ ਭਲੇ ਪਾਸੇ।
ਏਥੇ ਅਟਕਣਾ ਗਲ ਨਾ ਸੋਂਹਦੀ ਹੈ।
ਮਾਰ ਹੰਭਲਾ ਵੀਰ ਜੀ ਤੁਰੋ ਅੱਗੇ,
ਸਿਖੀ ਤੁਰਦਿਆਂ ਹੀ ਉੱਨਤ ਹੋਂਵਦੀ ਹੈ।
ਕਿਤੇ ਪਹੁੰਚਕੇ ਸਿਖ ਨਾ ਅਟਕ ਬੈਠੇ,
ਤਾਕਤ ਆਪਣੀ ਇੱਕੁਰਾਂ ਖੋਂਵਦੀ ਹੈ।
ਵਾਧਾ ਕਰੇ ਤੇ ਕਦੇ ਨਾ ਰੁਕੇ ਅਟਕੇ,
ਤਾਰ ਵਾਧੇ ਦੀ ਨਹੀਂ ਤੁੜੇਂਵਦੀ ਹੈ।੧੨੬।

ਸਦਾ ਵਾਧੇ ਦੇ ਵਲ ਧਿਆਨ ਸਾਡਾ,
ਵਾਧਾ ਵਾਧਾ ਤਾਂ ਸਦਾ ਹੀ ਲੋਚਣਾ ਹੈ।

ਵਾਧੇ ਵਾਸਤੇ ਜਤਨ ਉਪਾਉ ਕਰਨੇ,
ਵਾਧਾ ਵੱਧ ਤੋਂ ਵੱਧ ਹੀ ਬੋਚਣਾ ਹੈ।
ਕਿਸੇ ਅਟਕਣਾ ਨਹੀਂ ਹੈ ਜਾਣ ਛੇਕੜ,
ਅੱਗੇ ਵਧਣ ਨੂੰ ਨਿੱਤ ਹੀ ਲੋਚਣਾ ਹੈ।
ਏਸ ਲਈ ਹੁਣ ਵੀਰ ਜੀ ਕਰੋ ਹਿੰਮਤ,
ਦਿਲੋਂ ਆਪਣੇ ਕ੍ਰੋਧ ਨੂੰ ਮੋਚਣਾ ਹੈ।੧੨੭।

**ਵੀਰ—**

ਵੱਡੀ ਭੈਣ ਹੋ ਆਪ ਨੇ ਮੱਤ ਚੰਗੀ,
ਛੋਟੇ ਵੀਰ ਨੂੰ ਆਖ ਸੁਣਾ ਦਿਤੀ।
ਐਪਰ ਭੈਣ ਜੀ! ਯਤਨ ਮੈਂ ਬਹੁਤ ਕੀਤੇ,
ਭਾਬੀ ਤੂਸਾਂ ਦੀ ਇਕ ਨਾ ਮੱਤ ਲੀਤੀ।
ਨਹੀਂ ਹਾਰਦੀ ਮੰਨਦੀ ਭੁੱਲ ਅਪਣੀ,
ਸਾਨ੍ਹੇ ਵਾਂਗ ਹੈ ਮੱਤ ਦੀ ਧੌਣ ਕੀਤੀ।
ਅੱਕ ਹਾਰ ਕੇ ਮੈਂ ਚੁਪ ਧਾਰ ਲੀਤੀ,
ਕਾਬੂ ਆਂਵਦੀ ਨਹੀਂ ਹੈ ਕਿਸੇ ਭਿੱਤੀ।੧੨੮।

**ਭੈਣ—**

ਸਚ ਆਖਦੇ ਆਪ ਹੋ, ਮਾਨ ਧਾਰੀ,
ਭਾਬੀ ਸਾਡੜੀ ਹਾਰ ਨਾ ਮੰਨਣੀ ਹੈ।
ਐਪਰ ਕੁਝ ਬੇਦੋਸ਼ ਵਿਚਾਰੜੀ ਹੈ,
ਸਚ ਅਸਾਂ ਨਿਤਾਰ ਕੇ ਮੰਨਣੀ ਹੈ।
ਰਹੀ ਭੌਂਦੜੀ ਮਾਪਿਆਂ ਜਰੀਂ ਭੈੜੀ,
ਸਿਖ ਮੱਤ ਨਾ ਵਿਦਿਆ ਵੰਨਣੀ ਹੈ।
ਸਹੁਰੇ ਆਉਂਦਿਆਂ ਕਿਸੇ ਨਾ ਸਿੱਖ ਦਿੱਤੀ,
ਤਦੇ ਲਈ ਓ ਬਹੁਤ ਅੜਮੰਨਣੀ ਹੈ।੧੨੯।



 www.sikhbookclub.com

ਕਰਨਾ ਮਾਫ ਮੈਂ ਵੀਰ ਜੀ, ਸੱਚ ਕਹਿੰਦੀ,
ਨਹੀਂ ਨਿੰਦਿਆ ਵਾਕ ਏ ਜਾਨਣਾ ਜੀ।
ਨਣਦ ਛੋਟੀ ਨੇ ਓਸ ਨੂੰ ਦੁੱਖ ਦਿਤਾ,
ਵੱਟ ਚੁਗਲੀਆਂ ਗੋਪਿਆ ਚਾਨਣਾ ਜੀ।
ਨਾਲ ਸੱਸ ਨੇ ਝਾੜ ਕੇ ਕਰੀ ਹੌਲੀ,
ਉਤੋਂ ਤੁਸਾਂ ਵੀ ਫੇਰਿਆ ਛਾਨਣਾ ਜੀ।
ਇਕ ਸੀ ਅੱਲ੍ਹੜ, ਉਤੋਂ ਫਸੀ ਔਕੜ,
ਭੌਂਤਲ ਕਰੇ ਹੈ ਸਭਸ ਦਾ ਸਾਮ੍ਹਣਾ ਕੀ।੧੩੦।

ਤੁਸੀਂ ਆਪ ਹੋ ਵਿਦਯਾ-ਵਾਨ ਚੰਗੇ,
ਪੜ੍ਹਦੇ ਉਮਰ ਤੋਂ ਰਹੇ ਹੋ ਵੀਰ ਪਯਾਰੇ!
ਸੱਕੇ ਤੁਸੀਂ ਨਾ ਸਾਂਭ ਅਵਿੱਦ ਉਸਨੂੰ,
ਸੋਧ ਸਕੇ ਨਾਂ ਭੁੱਲ ਦੇ ਕਰੇ ਕਾਰੇ।
ਕੀਕੁਰ ਕਰੋ ਉਮੈਦ ਅਵਿੱਦ ਪਾਸੋਂ,
ਘਰ ਦੇ ਸਾਕ ਕਰ ਲਏ ਪ੍ਰਸਿੰਨ ਸਾਰੇ।
ਸੱਸ, ਨਣਦ, ਸਹੁਰਾ, ਜੇਠ, ਕੰਤ, ਦੇਉਰ,
ਸੀਤਾ ਵਾਗ ਕਰ ਲਏ ਸੰਤੁਸ਼ਟ ਭਾਰੇ।੧੩੧।

ਦੱਸੋ ਤੁਸਾਂ ਨੇ ਭੁੱਲ ਹੈ ਨਹੀਂ ਕੀਤੀ,
ਭਾਂਡੇ ਸੱਖਣੇ ਤੋਂ ਸ਼ਰਤ ਮੰਗਣੇ ਦੀ?
ਰੇਖਾ ਗਣਤ ਅਨਪੜ੍ਹੇ ਤੋਂ ਸੁਣਨ ਚਾਹੋ,
ਪੁਛੋ ਜੂੰ ਤੋਂ ਸਾਰ ਹੋ ਅੰਗਣੇ ਦੀ।
ਆਖੋ ਬਾਣੀਏਂ ਤਈਂ ਖਗੋਲ ਦੱਸੇ,
ਬੁੱਧੂ ਦੱਸ ਜਾਵੇ ਜਾਚ ਰੰਗਣੇ ਦੀ।
ਡਰੋ ਰੱਬ ਤੋਂ ਐਡ ਅਨਯਾਯ ਕਰਦੇ,
ਸਿਖੋ ਜਾਚ ਅਨਯਾਯ ਤੋਂ ਸੰਗਣੇ ਦੀ।੧੩੨।


www.sikhbookclub.com

ਵੀਰ--

ਡਾਢਾ ਹੋਇ ਅਚਰਜ ਹਾਂ ਰਿਦੇ ਰਹਿਆ,
ਭੈਣ ਤੁਸਾਂ ਨੂੰ ਅੱਜ ਕੀ ਹੋਇਆ ਹੈ ?
ਕਿਤੇ ਭਾਬੀ ਦੇ ਪੇਕਿਆਂ ਤੁਸਾਂ ਅੱਗੇ,
ਕੋਈ ਢੱਗੀ ਦਾ ਢੋਆ ਨਹੀਂ ਢੋਇਆ ਹੈ ?
ਹੋਕੇ ਨਣਦ ਹੋ ਭਾਬੀ ਦੀ ਰਈ ਕਰਦੇ,
ਨਾਮ ਆਪਣਾ ਤੁਸਾਂ ਨੇ ਖੋਇਆ ਹੈ ।
ਅੱਕ ਦੁੱਧ ਦਾ ਸਦਾ ਨਿਨਾਂਣ ਚੋਵੇ,
ਅਜ ਤੁਸਾਂ ਨੇ ਮੱਝ ਦਾ ਚੋਇਆ ਹੈ ।੧੩੩ ।

ਗੁੱਸਾ ਕਰੋ ਨਾ ਭੈਣ ਜੀ ਹੱਸ ਕਹਿਆ,
ਗੱਲ ਤੁਸਾਂ ਨੇ ਕਰੀ ਅਚਰਜ ਦੀ ਹੈ ।
ਨਣਦ ਲੂਤੀਆਂ ਸਦਾ ਤੋਂ ਲਾਂਵਦੀ ਹੈ,
ਕਦੋਂ ਭਾਬੀ ਨੂੰ ਮੰਦਿਓਂ ਵਰਜਦੀ ਹੈ ।
ਕਦੋਂ ਕਰੇ ਸਪਾਰਸ਼ਾਂ ਭਾਬੀਆਂ ਦੀ,
ਸਿਰ ਭਾਬੀ ਦੇ ਸ਼ੀਹਣੀ ਗਰਜਦੀ ਹੈ ।
ਕਦੀ ਹੋਇ ਦਿਆਲ ਨਿਨਾਣ ਨਾਹੀਂ,
ਜਦੋਂ ਬੋਲਦੀ ਬੋਲਦੀ ਗਰਜਦੀ ਹੈ। ੧੩੪ ।

ਭੈਣ-

ਪੰਜੇ ਉਂਗਲਾਂ ਵੀਰ ਜੀ ! ਇਕ ਨਾਹੀਂ,
ਇਕੋ ਜੇਈ ਹੋ ਕਦੀ ਨੁਹਾਰ ਨਾਹੀਂ ।
ਧਰਮ ਨਣਦ ਦਾ ਪਯਾਰ ਹੈ ਨਾਲ ਭਾਬੀ,
ਨਣਦ ਕਰੇ ਉਲਟਾ, ਨਿਯਮ ਹਾਰ ਨਾਹੀਂ ।
ਤ੍ਰੱਕ ਜਾਏ ਜੇ ਦਾਖ ਸ਼ਰਾਬ ਬਣਦੀ,
ਦਾਖ ਆਪ ਤਾਂ ਹੈ ਨਸ਼ੇਦਾਰ ਨਾਹੀਂ ।
ਮੂਰਖ ਹੋਇ ਨਿਨਾਣਾਂ ਜੇ ਕਹਿਰ ਕੀਤੇ,
ਜ਼ਿੰਮੇਂਵਾਰ ਓਹਦੀ ਜਾਣਨਹਾਰ ਨਾਹੀਂ ।੧੩੫ ।

ਭੈਣ ਵੀਰ ਦਾ ਸਾਕ ਅਨੋਖੜਾ ਹੈ,
ਨਾਲ ਪਯਾਰ ਦੇ ਗੁੱਤ ਕੇ ਗੁੰਦਿਆ ਏ ।
ਇਕ ਕੁੱਖ ਦਾ ਵਾਸ, ਇਕ ਥਣੋਂ ਚੁੰਘੇ,
ਇਕ ਬ੍ਰਿਛ ਦੇ ਡਾਲ ਹੁਵੰਦਿਆ ਏ ।
ਭੈਣ ਤਾਂਈਂ ਜਗਤ ਤੇ ਵੀਰ ਜੇਹਾ,
ਪਯਾਰ ਵੀਰ ਦਾ ਕਦੇ ਨਾ ਮੁੰਦਿਆ ਏ ।
ਵਾਰਾਂ ਗਾਂਵਦੇ ਜੋਧੜੇ, ਗੀਤ ਸਹੀਆਂ,
ਵੀਰ ਭੈਣ ਦਾ ਮੋਹ ਮੁਹੁੰਦਿਆ ਏ ।੧੩੬ ।

ਐਸੇ ਪਯਾਰੜੇ ਵੀਰ ਦੀ ਹੋਇ ਪਯਾਰੀ,
ਜਿਨੂ ਵੀਰ ਸਰੀਰ ਦੀ ਅੱਧ ਆਖੇ ।
ਭੈਣ ਕਰੇ ਨਾ ਪਯਾਰ ਜੇ ਨਾਲ ਉਸਦੇ,
ਕੌਣ ਓਸ ਨੂੰ ਸੱਚ ਦੀ ਭੈਣ ਭਾਖੇ ।
ਅਧ ਦੇਹ ਨਾਲ ਪਿਆਰ ਕਰਦੀ,
ਅਧ ਨਾਲ ਜੇ ਵੈਰ ਦੀ ਰਿਜ਼ਮ ਰਾਖੇ ।
ਚੁਕੇ ਅਧ ਨੂੰ ਅਧ ਉਲਟ ਕਰਨਾ,
ਕਿੱਕੁਰ ਕੋਈ ਹੈ ਓਸਨੂੰ ਭੈਣ ਲਾਖੇ ।੧੩੭ ।

ਭੈਣ ਨਹੀਂ ਹੈ ਡੈਣ ਕਸੈਣ ਭਾਰੀ,
ਆਪਣੇ ਵੀਰ ਦੇ ਕਰੇ ਜੋ ਦੋਇ ਟੋਟੇ ।
ਆਖੇ ਅੱਧ ਨੂੰ ਮੈਂ ਪਿਆਰਦੀ ਹਾਂ,
ਦੂਜੇ ਅੱਧ ਨੂੰ ਮਾਰਦੀ ਖਿੱਚ ਸੋਟੇ ।
'ਦੂਜਾ ਅੱਧ ਪਰਾਇਆ ਜਾਇਆ ਹੈ,
ਦਰਸ਼ਨ ਹੋਇ ਨਾ ਛੁਹਣ ਉਸ ਨਾਲ ਪੋਟੇ' ।
ਜਿਹੜੀ ਐਕੁਰਾਂ ਜਾਣਦੀ ਧਰਮ ਰੱਦੇ,
ਉਸਦੇ ਕੰਮ ਹਨ ਪਯਾਰ ਤੋਂ ਉਲਟ ਖੋਟੇ ।੧੩੮ ।

ਗੁਰੂ ਗ੍ਰੰਥ ਤੇ ਪੰਥ ਨੇ ਇਕ ਕੀਤਾ,
ਭਾਬੀ ਵੀਰ ਨੂੰ ਇਕ ਬਨਾਇਆ ਹੈ ।

ਨਣਦ ਚੀਰ ਕੇ ਦੋਹਾਂ ਨੂੰ ਵੱਖ ਕਰਦੀ,
ਇਕ ਹੋਇਆਂ ਦੂਟੱਕ ਕਰਾਇਆ ਹੈ।
ਗੁਰੂ ਮੇਲਦਾ ਨਣਦ ਹੈ ਪਾੜ ਦਿੰਦੀ,
ਵੀਰ ਨਣਦ ਨੇ ਕਹਿਰ ਕਮਾਇਆ ਹੈ।
ਪਾਪੀ ਪਯਾਰਦੀ ਨਹੀਂ ਹੈ, ਗੁਰੂ ਦੇਖੋ,
ਬੱਦੂ ਨਾਮ ਇਉਂ ਆਪ ਕਰਾਇਆ ਹੈ।੧੩੯।

ਨਣਦ ਉਹ ਹੈ ਸੱਚ ਦੀ ਵੀਰ ਪਯਾਰੇ,
ਜਿਹੜੀ ਸੱਚ ਦੀ ਹੀ ਨਨ ਆਣ* ਹੋਵੇ।
'ਨਨ' 'ਨਹੀਂ' ਤੇ 'ਆਣ' ਹੈ 'ਦੂਸਰਾ' ਜੀ,
ਜਿਹਨੂੰ ਸੱਚ ਦੀ ਏਹ ਪਛਾਣ ਹੋਵੇ।
ਭਾਬੀ ਤਈਂ ਨ ਦੂਸਰਾ ਜਾਣਦੀ ਜੋ,
ਵੀਰ ਜੀ ! ਹੈ ਓਹੀ ਨਿਨਾਣ ਹੋਵੇ।
ਜਿਹੜੀ ਓਪਰਾ ਜਾਣਦੀ ਭਾਬੀਆਂ ਨੂੰ,
ਮੇਰੀ ਜਾਚੇ ਉਹ ਕਹਿਰ ਕਸਾਣ ਹੋਵੇ।੧੪੦।

ਵੀਰ–

ਸਭ ਗੁਣਾਂ ਦੀ ਖਾਣ ਹੋ ਭੈਣ ਪਯਾਰੀ।
ਸਾਕ ਨਣਦ ਦਾ ਖੂਬ ਪਛਾਣਿਆ ਹੈ।

---

*ਨਨ–ਅਣ–ਜੋ ਦੂਸਰੀ ਨਹੀ ਹੈ। ਭਾਬੀ ਨੂੰ ਓਪਰੀ ਨਹੀਂ, ਪਰ ਆਪਣੇ ਪਤੀ ਵਰਗੀ, ਉਸ ਦੀ ਪਿਆਰੀ ਭੈਣ ਹੈ, ਤੇ ਭੈਣ ਆਪਣੇ ਭਰਾ ਦੀ ਵਹੁਟੀ ਨੂੰ ਓਪਰੀ ਨਹੀਂ ਜਾਣਦੀ, ਪਰ ਵੀਰੰ ਦੀ ਅਰਧੰਗੀ ਵੀਰ ਵਰਗੀ ਜਾਣਦੀ ਹੈ।


www.sikhbookclub.com

ਨੇਕ ਰਿਦੇ ਤੁਸਾਡੜੇ ਪ੍ਰੇਮ ਨਾਤਾ,
ਭਾਬੀ ਨਣਦ ਦੇ ਵਿਚ ਸਿਆਣਿਆ ਹੈ ।
ਭਬੀ ਤੁਸਾਂ ਦੀ ਨੇਕ ਹੈ ਕਰਮ ਵਾਲੀ,
ਜਿਦ੍ਹੀ ਨਣਦ ਨੇ ਐਕੁਰਾਂ ਜਾਣਿਆਂ ਹੈ ।
ਖੁਸ਼ੀ ਕਰੇ ਉਹ ਸਦਾ ਹੀ ਰਹੇ ਚੰਗੀ,
ਹੁਣ ਕੀ ਓਸ ਨੂੰ ਦਰਦ ਰਵਾਣਿਆਂ ਹੈ ।੧੮੧ ।

ਭੈਣ–

ਐਸੀ ਅਕ੍ਰਿਪਾ ਕਰੋ ਨਾ ਵੀਰ ਪਯਾਰੇ !
ਗੱਲ ਵਾਕ ਨਾ ਬੋਲੀਏ ਵਯੰਗ ਵਾਲੇ ।
ਅੰਬਾਕੜੀ ਨਾ ਅੰਬ ਦੀ ਭੁੱਖ ਲਾਹੇ,
ਸਿਕ ਦਾਖ ਦੀ ਲਾਹੁਣ ਨਾ ਧ੍ਰੇਕ ਡਾਲੇ,
ਤਯਾਗੀ ਆਪ ਦੀ ਨਾਰਿ ਨ ਸੁਖੀ ਹੋਵੇ,
ਭਾਵੇਂ ਸਾਕ ਹੋਵਣ ਸਾਰੇ ਪਯਾਰੇ ਵਾਲੇ ।
ਬਖਸ਼ੋ ਆਪਣੀ ਨਾਰ ਨੂੰ ਵੀਰ ਪਯਾਰੇ !
ਚੰਗੇ ਨਹੀਂ ਲਗਦੇ ਚੁਪ ਚਾਪ ਚਾਲੇ ੧੮੨ ।

ਜੇਕਰ ਭੁੱਲ ਹੀ ਗਈ ਹੈ ਚੁੱਕ ਕੀਤੀ,
ਉਸ ਨੂੰ ਬਖਸ਼ ਕੇ ਚਰਨ ਲਗਾ ਲੇਵੋ ।
ਅਗੋਂ ਕਰੋ ਉਪਾ ਕੁਝ ਸਿੱਖਯਾ ਦਾ,
ਸਿਖ ਆਪਣੇ ਚੱਜ ਦੀ ਉਨੂੰ ਦੇਵੋ ।
ਵਾਉ ਉਲਟਵੀਂ ਵੇਖ ਨਾ ਨਾਉ ਬੋੜੋ,
ਚੱਪੇ ਲਾਇਕੇ ਪਾਰ ਨੂੰ ਆਪ ਖੇਵੋ ।
ਕੁਝ ਕਰਮ ਹੋਵੇ, ਕੁਝ ਕਰੋ ਕਿਰਪਾ,
ਕੁਝ ਆਪਣੀ ਭੁੱਲ ਵੀ ਮੰਨ ਲੇਵੋ ।੧੮੩ ।

ਵੀਰ–

ਹੱਸ ਰਿਹਾ ਹਾਂ ਆਪ ਦਾ ਵੀਰ ਛੋਟਾ:

ਦੱਸੋ ਭੈਣ ਜੀ ਮੁਝ ਨੂੰ ਹੁਕਮ ਦੇਵੋ।
ਔਗੁਣ ਉਸ ਦੇ ਤੁਸਾਂ ਵਿਸਾਰ ਦਿੱਤੇ.
ਮੈਨੂੰ ਕੋਸਦੇ ਹੋ, ਚੰਗਾ ਕੋਸ ਲੇਵੋ।
ਉਸਦੀ ਧੌੜ ਹੰਕਾਰਦੀ, ਮ:ਨ ਗਿਚੀ,
ਰਹੇ ਆਕੜੀ, ਤੁਸੀਂ ਨਾ ਮੂਲ ਖੇਹੋ।
ਦੱਸੋ ਕਰਾਂ ਕੀ! ਆਰਤੀ ਰੋਜ਼ ਲਾਹਾਂ,
ਆਖੋ ਆਪ ਕੀ ? 'ਨਾਰ ਨੂੰ ਨਿਤ ਸੇਵੋ ?'੧੪੪।

ਭੈਣ–

ਜੀਭ ਛਾਲਿਆਂ ਨਾਲ ਉਹ ਵਿੱਝ ਜਾਵੇ,
ਜਿਹੜੀ ਧਰਮ ਤੋਂ ਉਲਟਵੀਂ ਗੱਲ ਦੱਸੇ।
ਤੀਮੀ ਪਤੀ ਦੀ ਦਾਸ ਹੋ ਪ੍ਰੇਮ ਵਰਤੇ.
ਸਦਾ ਓਸਦੀ ਆਗਿਆ ਵਿਚ ਵੱਸੇ।
ਪਤੀ ਹੋਇ ਕ੍ਰਿਪਾਲ ਉਸ ਕਰੇ ਰਾਖੀ,
ਦੋਹਾਂ ਵਿਚ ਪਰੇਮ ਦੀ ਜੋਤਿ ਲੱਸੇ।
ਦੋਵੇਂ ਜੋਤਿ ਇਕ ਹੋਇਕੇ ਇਕ ਵਰਤਨ,
ਦੂਈ ਦੋਹਾਂ ਦੇ ਵਿੱਚ ਤੋਂ ਉੱਠ ਨੱਸੇ।੧੪੫।

ਤੁਸੀਂ ਵੀਰ ਜੀ ਫਿਕਰ ਨਾ ਕਰੋ ਕੋਈ,
ਗਲ ਰਤਾ ਅਯੋਗ ਨਾ ਆਖਦੀ ਹਾਂ।
ਭਾਬੀ ਤਈਂ ਮੈਂ ਕੋਸਿਆ ਆਪ ਜਾਕੇ,
ਪਰਦਾ ਰਤੀ ਨਾ ਆਪ ਤੋਂ ਰਖਦੀ ਹਾਂ।
ਭੁੱਲ ਮੰਨ ਉਸ ਲਈ ਹੈ ਆਪ ਆਪਣੀ,
ਖਿਮਾਂ ਮੰਗਦੀ ਦਿਲੋਂ ਮੈਂ ਲਾਖਦੀ ਹਾਂ।
ਸਚੇ ਦਿਲੋਂ ਪਛਤਾਂਵਦੀ ਭੁੱਲ ਉੱਤੇ,
ਗਲ ਆਖਦੀ ਸਚ ਸੈਂ ਸਾਖ ਦੀ ਹਾਂ।੧੪੬।

ਵੀਰ–

ਭੁੱਲ ਗਈ ਦਾ ਲਾਭ ਕੀ ਪਹੁੰਚਦਾ ਹੈ,
ਜਦੋਂ ਤਈਂ ਨਾ ਮਾਂਉਂ ਰਿਝਾਂਵਦੀ ਹੈ।
ਛੋਟੀ ਭੈਣ ਦੇ ਨਾਲ ਉਹ ਕਰੇ ਸਖਤੀ,
ਏਸ ਗਲ ਤੋਂ ਰਤਾ ਨ ਭਾਂਵਦੀ ਹੈ।
ਮੇਰੀ ਕਰੇ ਅਧੀਨਗੀ ਲਾਭ ਨਾਹੀਂ,
ਜਦ ਲੌ ਵਡਿਆਂ ਨਹੀਂ ਮਨਾਂਵਦੀ ਹੈ।
ਕਰਾਂ ਅਦਬ ਮੈਂ ਜਿਨ੍ਹਾਂ ਦਾ ਦਿਲੋਂ ਜਾਨੋਂ,
ਸੇਵਾ ਓਸ ਨੂੰ ਵੱਧ ਖਨ ਆਂਵਦੀ ਹੈ।੧੪੭।

ਭੈਣ–

ਲੱਖ ਟਕੇ ਦੀ ਗਲ ਹੈ ਤੁਸਾਂ ਆਖੀ,
ਐਪਰ ਰਬ ਨੇ ਦਈ ਪੁਗਾ ਸਾਰੀ।
ਮਾਤਾ ਪਿਤਾ ਤੇ ਭੈਣ ਨੇ ਬਖਸ਼ ਦਿਤੀ,
ਵਿਗੜੀ ਤੰਦ ਹੈ ਸਾਰਿਆਂ ਆਪ ਸੁਆਰੀ।
ਸਭਨਾਂ ਬਖਸ਼ਿਆ ਓਸ ਨੂੰ ਵੀਰ ਪਯਾਰੇ,
ਬਖਸ਼ਣ ਸੰਦੜੀ ਆਪਦੀ ਰਹੀ ਵਾਰੀ।
ਬਖਸ਼ ਦਿਓ ਤੇ ਹੋਹੁ ਕਿਰਪਾਲ ਪਯਾਰੇ,
ਸਦਾ ਕ੍ਰਿਪਾ ਹੀ ਓਸ ਤੇ ਰਹੇ ਜਾਰੀ।੧੪੮।

ਵੀਰ–

ਪਿਛਲੀ ਐਕੁਰਾਂ ਤੁਸਾਂ ਨੇ ਠੀਕ ਕੀਤੀ,
ਲੈਕੇ ਆਪਣੇ ਸਿਰੇ ਤੇ ਬੋਝ ਸਾਰਾ।
ਕੀਤੀ ਤੁਸਾਂ ਦੀ ਕਿਸੇ ਨੇ ਮੋੜਨੀ ਨਾਂ,
ਅਗੋਂ ਫੇਰ ਜੇ ਕਰੇਗੀ ਕੋਈ ਕਾਰਾ।
ਕੌਣ ਆਣਕੇ ਨਿੱਤ ਦੇ ਗੰਢ ਗੰਢੂ,
ਕੌਣ ਤਰੇਗਾ ਰੋਜ਼ ਹੀ ਸਿੰਧ ਖਾਰਾ।
ਦੱਸੋ ਇਹਦਾ ਕੀ ਤੁਸਾਂ ਇਲਾਜ ਕੀਤਾ,

ਸੋਚ ਲਿਆ ਜੇ ਚੱਜ ਦਾ ਕੋਈ ਚਾਰਾ ?

ਭੈਣ–

ਗੁਰੂ ਕਰੇਗਾ ਭਲੀ, ਨ ਡੋਲ ਵੀਰਾ !
ਜਿਨ੍ਹੇ ਸਾਜੀਆਂ ਓਸਨੇ ਗੇਢੀਆਂ ਨੀ ।
ਜਿਨ੍ਹੇ ਗੰਢੀਆਂ ਓਸ ਨੇ ਵਿਗੜੀਆਂ ਵੀ,
ਨਿਤ ਆਪ ਹੀ ਮੇਲ ਕੇ ਸੰਢੀਆਂ ਨੀ ।
ਫਿਕਰ ਓਸ ਨੂੰ ਕੁੱਲ ਜਹਾਨ ਦਾ ਹੈ,
ਅਕਲਾਂ ਐਵੇਂ ਹੀ ਥਕਤ ਤੇ ਹੰਢੀਆਂ ਨੀ ।
ਗਲ ਘੁੱਟ ਲੀਤੀ. ਲੰਘ, ਹੋਇ ਬੀਤੀ,
ਗਲ ਚੁੱਕ ਦਿਤੀ, ਤਦੋਂ ਭੰਡੀਆਂ ਨੀ ।੧੫੦ ।

ਐਪਰ, ਵੀਰ ਜੀ ! ਤੁਸੀਂ ਜੇ ਕਰੋ ਉੱਦਮ,
ਧਰਮ ਆਪ ਦਾ ਤਦੋਂ ਹੀ ਸੋਹਿਣਾ ਹੈ ।
ਉਸਦੀ ਵਿਦਯਾ ਦਾ ਕੁਝ ਕਰੋ ਉੱਦਮ,
ਸਿਖਯਾ ਦੇਵਣੀ ਚੁਪ ਨੂੰ ਕੋਹਿਣਾ ਹੈ ।
ਬਿਨਾਂ ਸਿਖਯਾ ਦੇ ਆਸ ਸੁਖ ਸੰਦੀ,
ਧੱਪਾ ਜਿਵੇਂ ਹਾਥੀ ਤਾਂਈਂ ਪੋਹਿਣਾ ਹੈ ।
ਬਿਨਾਂ ਸਿਖਯਾ ਸੁਖਾਂ ਦੀ ਭਾਲ ਕਰਨੀ,
ਧੂਏਂ ਵਿਚ ਜਾ ਬਰਫ਼ ਨੂੰ ਜੋਹਿਣਾ ਹੈ ।੧੫੧ ।

ਇੱਕੁਰ ਵੀਰ ਨੂੰ ਲਿਆ ਮਨਾ ਚੰਗਾ,
ਭੈਣ ਭਾਬੀ ਦੇ ਪਾਸ ਫਿਰ ਜਾਂਵਦੀ ਹੈ ।
ਉਸ ਨੂੰ ਦੱਸ ਕੇ ਹਾਲ ਹਵਾਲ ਸਾਰਾ,
ਪਾਸ ਵੀਰ ਦੇ ਫੇਰ ਲਿਆਂਵਦੀ ਹੈ ।
ਭੁੱਲ ਓਸਦੀ ਖਿਮਾਂ ਕਰਾਂਵਦੀ ਹੈ,
ਦਿਲਾਂ ਪਾਟਿਆਂ ਮੇਲ ਦਿਖਾਂਵਦੀ ਹੈ ।
ਗੁਰਾਂ ਇਕ ਕੀਤੇ, ਭੁੱਲ ਦੋ ਕੀਤੇ,
ਭੈਣ ਫੇਰ ਮੁੜ ਇਕ ਕਰਾਂਵਦੀ ਹੈ ।੧੫੨ ।

ਨਾਰਿ ਪਤੀ ਦੇ ਦਿਲਾਂ ਤੋਂ ਮੈਲ ਲੱਥੀ,
ਸਾਫ ਲਿਸ਼ਕਣੇ ਵਾਂਗ ਬਲੌਰ ਹੋ ਗਏ ।
ਅਟਕ ਫਟਕ ਨਾਂ ਰਤੀ ਬੀ ਰਹੀ ਬਾਕੀ,
ਰਿਦੇ ਦੋਹਾਂ ਦੇ ਸੋਹਿਣੇ ਸੌਰ ਹੋ ਗਏ ।
ਵਿਗੜੇ ਦੋਹਾਂ ਦੇ ਸੋਹਿਣੇ ਸੌਰ ਹੋ ਗਏ ।
ਵਿਗੜੇ ਲੱਛਣਾਂ ਲੈ ਪਰਤ ਕੇ ਨੇਕ ਖਾਧੀ,
ਬਦਲੇ ਹੋਏ ਬੀ ਨੇਕ ਸਭ ਤੌਰ ਹੋ ਗਏ ।
ਭੁੱਲ ਰਾਤ ਨੇ ਕੀਤਾ ਸੀ ਜਿਨ੍ਹਾਂ ਚਕਵੇ,
ਸਮਝ ਪਈ ਤੇ ਫੁੱਲ ਤੇ ਭੌਰ ਹੋ ਗਏ ।੧੫੩ ।

ਫੇਰ ਸੱਸ ਦੇ ਪੈਰ ਪਵਾਇ ਭਾਬੀ,
ਨਣਦ ਦੋਹਾਂ ਦਾ ਮੇਲ ਕਰਾਇ ਦਿਤਾ ।
ਸੱਸ ਬਖਸ਼ ਕੇ ਨੂੰਹ ਨੂੰ ਗੋਦ ਲੀਤਾ ।
ਪਿਛਲਾ ਬੋਲ ਕੁਬੋਲ ਭੁਲਾ ਦਿਤਾ ।
ਫੇਰ ਨਣਦ ਛੋਟੀ ਸੱਦ ਪਾਸ ਆਂਦੀ,
ਗਲ ਦੁਹਾਂ ਨੂੰ ਘੁੱਟ ਮਿਲਾ ਦਿਤਾ ।
ਇਉਂ ਭਈ ਛਮਛਰੀ* ਸਭਸ ਸੰਦੀ,
ਅੱਡ ਹੋਇਆਂ ਨੂੰ ਫੇਰ ਰਲਾ ਦਿਤਾ ।੧੫੪ ।

ਅੰਤ ਸੱਭ ਪਰਿਵਾਰ ਨੂੰ ਨਾਲ ਲੈਕੇ,
ਨਣਦ ਪਾਸ ਬਾਪੂ ਜੀ ਦੇ ਜਾਂਵਦੀ ਹੈ ।
ਸਾਰਾ ਹਾਲ ਮਿਲਾਪ ਦਾ ਅਰਜ਼ ਕਰਦੀ,
ਪਿਤਾ ਅੱਖੀਆਂ ਦੇ ਵਿਚ ਭਾਂਵਦੀ ਹੈ ।
ਪਹਿਲਣ ਧੀਆਂ ਪਰਵਾਰ ਨੂੰ ਮੇਲਣੀ ਨੂੰ,
ਪਿਤਾ ਸੰਦੜੀ ਖੁਸ਼ੀ ਥਿਆਂਵਦੀ ਹੈ ।
ਫੇਰ ਸੱਦ ਪਰਵਾਰ ਨੂੰ ਦੇ ਅਸੀਸਾਂ,
ਮਿਹਰ ਵੱਡਿਆਂ ਦੀ ਠੰਡ ਪਾਂਵਦੀ ਹੈ ।੧੫੫ ।

---

*ਖਿਮਾਂ ਖਿਮੌਣੀ, ਪਰਸਪਰ ਬਖਸ਼ਣ ।


www.sikhbookclub.com

ਪਿਤਾ ਬਹੁਤ ਪਰਸੰਨ ਹੋ ਉੱਠ ਬੈਠਾ,
ਗਲੇ ਪਾ ਪੱਲਾ ਖੜਾ ਹੋਂਵਦਾ ਹੈ।
ਕਰੇ ਮੁੱਢ ਅਰਦਾਸ ਉਚਾਰ ਸਾਰੀ,
ਕਰ ਵੈਰਾਗ ਪਰੇਮ ਦਾ ਰੋਂਵਦਾ ਹੈ।
ਸ਼ੁਕਰ ਮੁੱਖ ਥੀਂ ਕਰੇ ਉਚਾਰ ਐਕੁਰ,
ਲੂੰ ਲੂੰ ਓਸਦਾ ਸ਼ੁਕਰ ਭਿਗੋਂਵਦਾ ਹੈ।
ਆਖੇ ਮੇਹਰ ਤੇਰੀ ਹੋਈ ਗੁਰੂ ਸਚੇ!
ਮਿਹਰ ਮਿਹਰ ਹੀ ਮਿਹਰ ਕੂਕੇਂਵਦਾ ਹੈ।੧੫੬।

ਜਿਨ੍ਹੇ ਰਖਿਆ ਪਾਟਦਾ ਮਹਿਲ ਮੇਰਾ,
ਧੰਨ ਓਸ ਕਰਤਾਰ ਦਾ ਸਦਾ ਹੋਵੇ!
'ਜਿਨ੍ਹੇ ਪ੍ਰੇਰਿਆ ਧੀਅ ਨੂੰ ਕਰੇ ਨੇਕੀ,
ਜੈ ਜੈ ਕਾਰ ਓਹਦਾ ਸਦਾ ਸਦਾ ਹੋਵੇ!
ਜਿਹੜਾ ਵੱਸਿਆ ਸਭਸ ਦੇ ਰਿਦੇ ਆਕੇ,
ਮੰਗਲ ਚਾਰ ਉਸ ਦਾ ਸਦਾ ਸਦਾ ਹੋਵੇ!
'ਮੇਰੇ ਧੌਲਿਆਂ ਦੀ ਜਿਨ੍ਹੇ ਲਾਜ ਰੱਖੀ'
ਨਮਸਕਾਰ ਉਸ ਨੂੰ ਸਦਾ ਸਦਾ ਹੋਵੇ!'੧੫੭।

ਬਾਦ ਏਸ ਦੇ ਸਭ ਪਰਵਾਰ ਲੈ ਕੇ,
ਗੁਰੂ ਗ੍ਰੰਥ ਦੇ ਧੌਲਰੇ ਜਾਂਵਦਾ ਹੈ।
ਫੇਰ ਸੋਧ ਅਰਦਾਸ ਸਿਕ ਪ੍ਰੇਮ ਵਾਲੀ,
ਸ੍ਰੀ ਗੁਰੂ ਦਾ ਪਾਠ ਰਖਾਂਵਦਾ ਹੈ!
ਹੁਕਮ ਦੇਂਵਦਾ 'ਪਿਆਰਿਓ ਕਰੋ ਸਾਰੇ,
ਰਲਕੇ ਪਾਠ, ਗੁਰ ਧਯਾਨ ਧਰਾਂਵਦਾ ਹੈ।
ਮੇਲ ਲਿਆਂ ਦੇ ਮੇਲ ਨੂੰ ਕਰੇ ਉੱਚਾ,
ਮੇਲ ਗੁਰੂ ਦੇ ਵਿੱਚ ਕਰਾਂਵਦਾ ਹੈ।੧੫੮।

ਗੁਰੂ ਵਿਚ ਜੋ ਮਿਲਣਗੇ ਮਿਲੇ ਰਹਿਸਣ,
ਅਗੇ ਹੋਰ ਵਾਧਾ ਆਤਮ ਪਾਣ ਹਾਰੇ।
ਜਿਨ੍ਹਾਂ ਗੁਰੂ ਦੇ ਵਿਚ ਨਜ਼ੀਰ ਬੱਧੀ,

ਓਥੇ ਮਿਲੇ ਨਾ ਵਿਛੁੜਸਣ ਕਦੀ ਪਯਾਰੇ ।
ਮਿਲਦੇ ਜਾਣਗੇ ਵੱਧ ਤੋਂ ਵੱਧ ਆਪੇ,
ਨਾਲ ਖਲਕ ਦੇ ਮੇਲ ਨੂੰ ਪਾਣ ਵਾਰੇ ।
ਖਲਕੋਂ ਖਾਲਕੇ ਨਾਲ ਓ ਜਾਣ ਮਿਲਦੇ,
ਮੇਲ ਅੱਤ ਦਾ ਅੰਤ ਨੂੰ ਪਾਣ ਪਯਾਰੇ ।੧੫੯ ।

ਸੁਖੀ ਵੱਸਿਆਂ ਸਭ ਪਰਵਾਰ ਚੰਗਾ,
ਨੇਕ ਨਣਦ ਦੀ ਕਾਰ ਨੂੰ ਵੇਖਣਾ ਜੀ ।
ਨਣਦੇ ਸਾਰੀਓ ! ਸੋਚਣਾ ਬੈਠ ਖੂੰਜੇ,
ਛਡ ਦੇਵਣੇ ਕੂੜ ਦੇ ਖੇਖਣਾ ਜੀ ।
ਨਣਦੋ ਸੱਚ ਦੀ ਓਹੋ ਹੈ ਮੇਲ ਲੋਚੋ,
ਪਾਠਕ ਪੇਕਿਆਂ ਜਿਨ੍ਹਾਂ ਨ ਵੇਖਣਾ ਜੀ ।
ਭਾਬੀ ਭੈਣ ਤੋਂ ਵੱਧ ਪਿਆਰੜੀ ਹੈ,
ਕੋਰੀ ਅੱਖ ਨਾਂ ਓਸ ਨੂੰ ਪੇਖਣਾ ਜੀ ।੧੬੦ ।

–ਇਤਿ–

–0–


www.sikhbookclub.com